# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

WORLD PUNJABI TIMES
REACHING THE WORLD

A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

**Epaper World Punjabi Times** 06 ਮਈ 2024 ਦਿਨ ਸੋਮਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਦਿ ਰੌਇਲ ਗਲੋਬਲ ਸਕੂਲ ਵਿੱਚ ਕਰਵਾਇਆ ਗਿਆ ਓਰੀਐਂਟੇਸ਼ਨ ਪ੍ਰੋਗਰਾਮ

ਵਰਲਡ ਪੰਜਾਬੀ ਟਾਈਮਜ਼
ਹਰਦੇਵ ਚੌਹਾਨ

ਚੰਡੀਗੜ੍ਹ, 6 ਮਈ : ਦਿ ਰੌਇਲ ਗਲੋਬਲ ਸਕੂਲ ਖਿਆਲਾ ਕਲਾਂ, ਭੀਖੀ, ਮਾਨਸਾ ਵਿਖੇ ਓਰੀਐਂਟੇਸ਼ਨ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿੱਚ ਲਗਭਗ 200 ਵਿਦਿਆਰਥੀਆਂ ਦੇ ਮਾਪਿਆਂ ਨੇ ਭਾਗ ਲਿਆ। ਸਕੂਲ ਪ੍ਰਿੰਸੀਪਲ ਸ੍ਰੀਮਤੀ ਯੋਗਿਤਾ ਭਾਟੀਆ ਨੇ ਮਾਪਿਆਂ ਨੂੰ ਜੀ ਆਇਆਂ ਨੂੰ ਆਖਦਿਆਂ ਵਿਦਿਆਰਥੀਆਂ ਦੇ ਅਕਾਦਮਿਕ ਅਤੇ ਵਿਅਕਤੀਗਤ ਵਿਕਾਸ ਤੇ ਪਾਲਨ ਪੋਸ਼ਣ ਵਿੱਚ ਸਕੂਲ ਅਤੇ ਮਾਪਿਆਂ ਦਰਮਿਆਨ ਮਜ਼ਬੂਤ ਸਾਂਝੀਦਾਰੀ ਨੂੰ ਉਤਸ਼ਾਹਿਤ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਇਸ ਦੌਰਾਨ ਵਿਦਿਆਰਥੀਆਂ ਅਤੇ ਮਾਪਿਆਂ ਨੇ ਕਈ ਅਹਿਮ ਜਾਣਕਾਰੀਆਂ ਹਾਸਲ ਕੀਤੀਆਂ।




ਇਸ ਸਮਾਗਮ ਵਿੱਚ ਸੰਸਥਾ ਦੇ ਵਿੱਦਿਅਕ ਦਰਸ਼ਨ, ਰਾਸ਼ਟਰੀ ਪਾਠਕ੍ਰਮ ਫਰੇਮ ਵਰਕ ਨੂੰ ਲਾਗੂ ਕਰਨ ਅਤੇ ਪਾਠਕ੍ਰਮ ਦੇ ਡਿਜ਼ਾਈਨ ਦੀਆਂ ਪੇਚੀਦਗੀਆਂ ਬਾਰੇ ਸੰਪੂਰਨ ਜਾਣਕਾਰੀ ਪ੍ਰਦਾਨ ਕੀਤੀ।ਉਹਨਾਂ ਨੇ ਕਿਹਾ ਕਿ ਉਹ ਮਾਤਾ ਪਿਤਾ ਨੂੰ ਸਕੂਲ ਮੈਨੇਜ਼ਮੈਂਟ, ਸਕੂਲ ਅਧਿਆਪਕ ਅਤੇ ਮਾਪਿਆਂ ਦੇ ਸਹਿਯੋਗ ਨਾਲ ਬੱਚੇ ਦਾ ਭਵਿੱਖ ਉਜਵੱਲ ਬਣਾਉਣ ਵਿਚ ਯਤਨ ਕਰਾਂਗੇ।

ਇਸ ਪ੍ਰੋਗਰਾਮ ਵਿਚ ਸਕੂਲ ਮੈਨੇਜ਼ਮੈਂਟ, ਸਕੂਲ ਦੀ ਪਾਲਿਸੀ ਅਤੇ ਬੱਚਿਆਂ ਨੂੰ ਪੜ੍ਹਾਉਣ ਦੇ ਢੰਗ ਤੋਂ ਮਾਪਿਆਂ ਨੂੰ ਜਾਣੂ ਕਰਵਾਇਆ। ਮਾਪਿਆਂ ਨੂੰ ਬੱਚਿਆਂ ਲਈ ਸਕੂਲ ਵਿਚ ਸੁਰੱਖਿਅਤ ਵਾਤਾਵਾਰਣ ਦਾ ਆਸ਼ਵਾਸਨ ਦਿਲਾਇਆ। ਅਖੀਰ ਵਿਚ ਮਾਪਿਆਂ ਨੂੰ ਬੱਚਿਆਂ ਦੇ ਅਧਿਆਪਕਾਂ ਨਾਲ ਮਿਲਵਾਇਆ ਗਿਆ ਅਤੇ ਉਨ੍ਹਾਂ ਨੇ ਅਧਿਆਪਕਾਂ ਨਾਲ ਆਪਣੇ ਵਿਚਾਰ ਅਤੇ ਸਵਾਲ ਜਵਾਬ ਸਾਂਝੇ ਕੀਤੇ।

## ਪ੍ਰਭ ਆਸਰਾ ਵਿਖੇ ਸ਼ਪੈਸ਼ਲ ਬੱਚਿਆਂ ਦੀਆਂ ਖੇਡਾਂ ਵਿੱਚ ਸੂਬਾ ਪੱਧਰੀ ਚੋਣ ਲਈ ਟਰਾਇਲ ਹੋਏ

### ਵੱਖੋ-ਵੱਖ ਜਿਲ੍ਹਿਆਂ ਤੋਂ ਪਹੁੰਚੀਆਂ ਟੀਮਾਂ ਵਿੱਚੋਂ ਕੌਮੀ ਮੁਕਾਬਲਿਆਂ ਲਈ ਚੁਣੀ ਜਾਵੇਗੀ ਪੰਜਾਬ ਦੀ ਟੀਮ

ਵਰਲਡ ਪੰਜਾਬੀ ਟਾਈਮਜ਼
ਗੁਰਬਿੰਦਰ ਸਿੰਘ ਰੋਮੀ

ਕੁਰਾਲ਼ੀ, 06 ਮਈ : ਆਪਣੀਆਂ ਸਮਾਜ ਸੇਵਾਵਾਂ ਖ਼ਾਸ ਕਰਕੇ ਬੇਸਹਾਰਾ 'ਤੇ ਲਾਚਾਰ ਨਾਗਰਿਕਾਂ ਦੇ ਇਲਾਜ, ਸਾਂਭ-ਸੰਭਾਲ ਅਤੇ ਮੁੜ-ਵਸੇਬੇ ਲਈ ਸੰਸਾਰ ਪ੍ਰਸਿੱਧ ਸੰਸਥਾ ਪ੍ਰਭ ਆਸਰਾ ਪਡਿਆਲਾ (ਕੁਰਾਲੀ) ਵਿਖੇ ਅੱਜ ਸ਼ਪੈਸ਼ਲ ਬੱਚਿਆਂ (Intellectually Disabled) ਦੀਆਂ ਹੈਂਡਬਾਲ 'ਤੇ ਨੈੱਟਬਾਲ ਟੀਮਾਂ ਦੀ ਸੂਬਾ ਪੱਧਰੀ ਚੋਣ ਲਈ ਟਰਾਇਲ ਹੋਏ। ਸੰਸਥਾ ਮੁਖੀ ਸ. ਸ਼ਮਸ਼ੇਰ




ਸਿੰਘ ਜੀ ਅਤੇ ਬੀਬੀ ਰਜਿੰਦਰ ਕੌਰ ਜੀ ਨੇ ਦੱਸਿਆ ਕਿ 'ਸ਼ਪੈਸ਼ਲ ਓਲੰਪਿਕ ਭਾਰਤ ਪੰਜਾਬ' ਵੱਲੋਂ ਇਹ ਟਰਾਇਲ ਜੂਨ ਮਹੀਨੇ ਹੋਣ ਵਾਲ਼ੀਆਂ ਨੈਸ਼ਨਲ ਖੇਡਾਂ ਲਈ ਕਰਵਾਏ ਗਏ। ਜਿਨ੍ਹਾਂ ਵਿੱਚ ਪੰਜਾਬ ਦੇ ਵੱਖੋ-ਵੱਖ ਜਿਲ੍ਹਿਆਂ ਤੋਂ ਟੀਮਾਂ ਆਪਣੇ ਕੋਚਾਂ ਸਮੇਤ ਇੱਥੇ ਪਹੁੰਚੀਆਂ। ਜਿਕਰਯੋਗ ਹੈ ਕਿ ਪ੍ਰਭ ਆਸਰਾ ਵੱਲੋਂ ਆਪਣੇ ਬੱਚਿਆਂ ਵਾਸਤੇ ਖੇਡਾਂ ਲਈ ਮੈਦਾਨ, ਕੋਚਾਂ ਅਤੇ ਖੁਰਾਕ ਦਾ ਉਚੇਚੇ ਤੌਰ 'ਤੇ ਪ੍ਰਬੰਧ ਕੀਤਾ ਹੋਇਆ ਹੈ। ਜਿਸ ਸਦਕਾ ਇਹ ਬੱਚੇ ਪਿਛਲੇ ਲੰਮੇ ਸਮੇਂ ਤੋਂ ਸੂਬਾਈ ਤੇ ਕੌਮੀ ਪੱਧਰੀ ਮੁਕਾਬਲਿਆਂ ਵਿੱਚ ਬਾਦਸਤੂਰ ਸ਼ਾਨਦਾਰ ਪ੍ਰਦਰਸ਼ਨ ਕਰ ਰਹੇ ਹਨ। ਇਸ ਮੌਕੇ ਸ਼ਪੈਸ਼ਲ ਓਲੰਪਿਕ ਭਾਰਤ ਦੇ ਪ੍ਰਧਾਨ ਅਸ਼ੋਕ ਕੁਮਾਰ ਅਰੋੜਾ, ਪ੍ਰੋਗਰਾਮ ਮੈਨੇਜਰ ਊਮਾ ਸ਼ੰਕਰ, ਏਰੀਆ ਡਾਇਰੈਕਟਰ ਪਰਮਜੀਤ ਸਿੰਘ ਸਚਦੇਵਾ, ਸਪੋਰਟਸ ਡਾਇਰੈਕਟਰ ਮਨਦੀਪ ਸਿੰਘ ਬਰਾੜ, ਜਿਲ੍ਹਾ ਪ੍ਰਧਾਨ ਪੂਨਮ ਲਾਲ ਚੌਧਰੀ, ਜਿਲ੍ਹਾ ਸਪੋਰਟਸ ਡਾਇਰੈਕਟਰ ਹਰਮਨਜੀਤ ਸਿੰਘ ਗਿੱਲ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

## ਵਿਸ਼ਵ ਸਿੱਖ ਸਾਹਿਤ ਅਕਾਦਮੀ ਪਾਇਲ ਦੀ ਮਹੀਨਾਵਾਰ ਮੀਟਿੰਗ ਹੋਈ

ਵਰਲਡ ਪੰਜਾਬੀ ਟਾਈਮਜ਼
ਹਰਪ੍ਰੀਤ ਸਿੰਘ ਸਿਹੌੜਾ


ਪਾਇਲ/ਮਲੌਦ,6 ਮਈ : ਸਾਹਿਤਕ ਸੰਸਥਾ ਵਿਸ਼ਵ ਸਿੱਖ ਸਾਹਿਤ ਅਕਾਦਮੀ ਪਾਇਲ ਦੀ ਮਹੀਨਾਵਾਰ ਮੀਟਿੰਗ ਗਿਆਨੀ ਦਿੱਤ ਸਿੰਘ ਯਾਦਗਾਰੀ ਖਾਲਸਾ ਲਾਇਬ੍ਰੇਰੀ ਨੇੜੇ ਸੈਕੰਡਰੀ ਸਕੂਲ ਪਾਇਲ ਵਿਖੇ ਅਕਾਦਮੀ ਦੇ ਮੁਖੀ ਜਗਦੇਵ ਸਿੰਘ ਘੁੰਗਰਾਲੀ ਅਤੇ ਮੀਤ ਪ੍ਰਧਾਨ ਨੇਤਰ ਸਿੰਘ ਮੁੱਤਿਓ ਦੀ ਦੇਖਰੇਖ ਹੇਠ ਹੋਈ। ਮਹਾਨ ਸਿੱਖ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਨੂੰ ਯਾਦ ਕਰਦਿਆਂ ਜਾਪੁ ਸਾਹਿਬ ਜੀ ਵਿੱਚੋਂ ਸ਼ਬਦ ਦੀ ਵਿਆਖਿਆ ਬੜੇ ਹੀ ਭਾਵਪੂਰਤ ਤਰੀਕੇ ਨਾਲ ਕੀਤੀ ਗਈ। ਸਟੇਜ ਸਕੱਤਰ ਦੀ ਭੂਮਿਕਾ ਹਰਬੰਸ ਸਿੰਘ ਸ਼ਾਨ ਬਗਲੀ ਕਲਾਂ ਨੇ ਬਾਖੂਬੀ ਨਿਭਾਈ। ਰਚਨਾਵਾਂ ਦੇ ਦੌਰ ਵਿੱਚ ਸੁਖਵੀਰ ਸਿੰਘ ਪਾਇਲ ਨੇ ਗ਼ਜ਼ਲ, ਚਰਨ ਸਿੰਘ ਹਰਬੰਸਪੁਰਾ ਨੇ ਮਿੰਨੀ ਕਹਾਣੀ ਹਾਰ, ਜਸਵਿੰਦਰ ਸਿੰਘ ਪੰਧੇਰ ਖੇੜੀ ਨੇ ਗੀਤ ਨਸ਼ੇ, ਅਵਤਾਰ ਸਿੰਘ ਉਟਾਲਾਂ ਨੇ ਗੀਤ ਨਵਾਂ ਚੰਦ, ਨੇਤਰ ਸਿੰਘ ਮੁੱਤਿਓ ਨੇ ਕਵਿਤਾ ਕਿਤਾਬੀ ਕੀੜਾ, ਜਿੰਮੀ ਅਹਿਮਦਗੜ੍ਹ ਨੇ ਗੀਤ ਚੁੱਪ, ਗੁਰਿੰਦਰ ਬੱਲ ਬੁਟਾਹਰੀ ਨੇ ਕਵਿਤਾ ਇਹ ਗੱਲ ਗਲੈਕਸੀਓ ਪਾਰ ਦੀ ਏ, ਸਿਕੰਦਰ ਸਿੰਘ ਰੁੜਕਾ ਨੇ ਗੀਤ ਚੁੰਨੀ, ਭੋਲੂ ਧੌਲਮਾਜਰਾ ਨੇ ਗੀਤ ਸਰਪੰਚੀ, ਦਵਿੰਦਰ ਸਿੰਘ ਧੌਲਮਾਜਰਾ ਨੇ ਗੀਤ ਨਾ ਕਲੀ ਰਹੀ ਨਾ ਫੁੱਲ ਰਹੀ, ਜਗਦੇਵ ਸਿੰਘ ਘੁੰਗਰਾਲੀ ਨੇ ਕਵਿਤਾ ਦਲਿਤ, ਪੱਪੂ ਬਲਵੀਰ ਨੇ ਗੀਤ ਦੁੱਖ ਗਰੀਬੀ ਦਾ, ਸਵਰਨ ਸਿੰਘ ਪੱਲਾ ਨੇ ਕਵਿਤਾ, ਹਰਪ੍ਰੀਤ ਸਿੰਘ ਸਿਹੌੜਾ ਨੇ ਕਵਿਤਾ ਕ੍ਰਿਪਾਨ, ਪ੍ਰਸਿੱਧ ਗੀਤਕਾਰ ਜਸਵਿੰਦਰ ਸਿੰਘ ਭੱਟੀ ਭੜੀ ਵਾਲਾ ਨੇ ਗੀਤ ਜੋ ਸੱਚ ਬੋਲਦੇ ਨੇ ਬਹੁਤਾ ਚਿਰ ਜਿਊਂਦੇ ਨੀ,ਕੇਸਰ ਸਿੰਘ ਮਾਣਕੀ ਨੇ ਗੀਤ, ਸੁਨੇਹਇੰਦਰ ਮੀਲੂ ਨੇ ਵਿਅੰਗ, ਗਾਇਕ ਬਿੰਦੀ ਕਲਾਲਮਾਜਰਾ ਨੇ ਗੀਤ, ਤਰਸੇਮ ਸਿੰਘ ਨੇ ਵਿਚਾਰ ਅਤੇ ਅਖੀਰ ਵਿੱਚ ਹਰਬੰਸ



## ਲੋਕਾਂ ਵਿੱਚ ਵਿਗਿਆਨਕ ਸੋਚ ਦਾ ਚਿੰਤਨ , ਅਧਿਐਨ ਤੇ ਸਵੈ ਚਿੰਤਨ ਦੀ ਭਾਵਨਾ ਵਿਕਸਤ ਕਰਨ ਦੀ ਲੋੜ – ਤਰਕਸ਼ੀਲ

ਵਰਲਡ ਪੰਜਾਬੀ ਟਾਈਮਜ਼
ਮਾਸਟਰ ਪਰਮਵੇਦ

ਬਰਨਾਲਾ 6 ਮਈ : ਤਰਕਸ਼ੀਲ ਸੁਸਾਇਟੀ ਪੰਜਾਬ ਜੋਨ ਬਰਨਾਲਾ ਸੰਗਰੂਰਦੀ ਮੀਟਿੰਗ ਜਥੇਬੰਦਕ ਮੁਖੀ ਮਾਸਟਰ ਪਰਮਵੇਦ ਦੀ ਪ੍ਰਧਾਨਗੀ ਤੇ ਸੂਬਾ ਆਗੂ ਹੇਮਰਾਜ ਸਟੈਨੋ ਦੀ ਨਿਗਰਾਨੀ ਵਿੱਚ ਤਰਕਸ਼ੀਲ ਭਵਨ ਬਰਨਾਲਾ ਵਿਖੇ ਹੋਈ। ਮੀਟਿੰਗ ਵਿੱਚ ਸੂਬਾ ਜਥੇਬੰਦਕ ਮੁਖੀ ਰਜਿੰਦਰ ਭਦੌੜ ਵਿਸ਼ੇਸ਼ ਤੌਰ ਤੇ ਸ਼ਾਮਿਲ ਸਨ।ਮੀਟਿੰਗ ਦੀ ਕਾਰਵਾਈ ਪ੍ਰੈਸ ਨਾਲ ਸਾਂਝੀ ਕਰਦਿਆਂ ਸੀਤਾ ਰਾਮ ਬਾਲਦ ਕਲਾਂ ਨੇ ਦੱਸਿਆ ਕਿ ਮੀਟਿੰਗ ਵਿੱਚ ਤਰਕਸ਼ੀਲ ਕਾਰਕੁਨਾਂ ਵਿਚ ਚਿੰਤਨ, ਅਧਿਐਨ ਅਤੇ ਸਵੈ ਚਿੰਤਨ ਦੀ ਭਾਵਨਾ ਵਿਕਸਤ ਕਰਨ ਦੀ ਲੋੜ ਉਤੇ ਜ਼ੋਰ ਦਿੱਤਾ ਗਿਆ। ਵਿਚਾਰਿਆ ਗਿਆ ਕਿ ਚਿੰਤਨ ਦੀ ਭਾਵਨਾ ਪੈਦਾ ਕਰਨ ਲਈ ਵਿਗਿਆਨਕ ਸਾਹਿਤ ਦਾ ਅਧਿਐਨ ਕਰਨ ਦੀ ਲੋੜ ਹੈ ਤਾਂ ਕਿ ਵਿਰੋਧੀਆਂ ਵਲੋਂ ਫੈਲਾਏ ਜਾਂਦੇ ਗੁੰਮਰਾਹਕੁੰਨ ਫ਼ਿਰਕੂ ਪ੍ਰਚਾਰ ਦਾ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਜਵਾਬ ਦਿੱਤਾ ਜਾ ਸਕੇ।



ਉਨ੍ਹਾਂ ਦੱਸਿਆ ਕਿ ਮੀਟਿੰਗ ਵਿੱਚ ਭਾਰਤ ਵਿਚ ਧਰਮ ਅਤੇ ਰਾਜਨੀਤੀ ਨੂੰ ਵੱਖ ਕਰਨ,ਫ਼ਿਰਕੂ ਨਫ਼ਰਤੀ ਭਾਸ਼ਣ ਕਰਨ ਉਤੇ ਸਖ਼ਤ ਪਾਬੰਦੀ ਲਗਾਉਣ ਮੰਗ ਕਰਦਿਆਂ ਪੰਜਾਬ ਵਿੱਚ ਅੰਧ ਵਿਸ਼ਵਾਸ਼ ਰੋਕੂ ਕਾਨੂੰਨ ਬਣਾਉਣ ਦੀ ਪੁਰਜ਼ੋਰ ਮੰਗ ਕੀਤੀ ਗਈ। ਵਿਗਿਆਨਕ ਵਿਚਾਰਾਂ ਦਾ ਡੂੰਘਾ ਅਧਿਐਨ ਕਰਨ ਦੀ ਆਦਤ ਪਾਉਣ ਲਈ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਅੱਗੇ ਤੋਂ ਹਰ ਇਕਾਈ ਦੋ ਮਹੀਨਿਆਂ ਵਿੱਚ ਹੋਣ ਵਾਲੀ ਜ਼ੋਨ ਦੀ ਹਰ ਮੀਟਿੰਗ ਵਿੱਚ ਇੱਕ ਕਿਤਾਬ ਦਾ ਸਾਰ ਅੰਸ਼ ਪੇਸ਼ ਕਰਿਆ ਕਰੇਗੀ । ਮੀਟਿੰਗ ਵਿੱਚ ਮਈ-ਜੂਨ ਤਰਕਸ਼ੀਲ ਮੈਗਜੀਨ ਅੰਕ ਦੀ ਵੰਡ ਵੀ ਕੀਤੀ ਗਈ।ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਸੋਹਣ ਸਿੰਘ ਮਾਝੀ, ਅਵਤਾਰ ਸਿੰਘ ਬਰਨਾਲਾ, ਜਗਜੀਤ ਸਿੰਘ ਬਰਨਾਲਾ, ਕੁਲਦੀਪ ਨੈਣੇਵਾਲ, ਸੁਖਵੀਰ ਸਿੰਘ ਲੌਂਗੋਵਾਲ, ਸੁਰਿੰਦਰ ਪਾਲ ਸੰਗਰੂਰ ਨੇ ਸ਼ਮੂਲੀਅਤ ਕੀਤੀ।

## ਡੌਲਫਿਨ ਪਬਲਿਕ ਸਕੂਲ ਵਿਖੇ ਨੈਤਿਕ ਕਦਰਾਂ ਕੀਮਤਾਂ ਸਬੰਧੀ ਸੈਮੀਨਾਰ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 6 ਮਈ : 'ਡੌਲਫਿਨ ਪਬਲਿਕ ਸਕੂਲ" ਵਾੜਾ ਦਰਾਕਾ ਵਿਖੇ ਨੈਤਿਕ ਕਦਰਾਂ-ਕੀਮਤਾਂ ਦੀ ਪ੍ਰਫੁੱਲਤਾ ਲਈ ਵਿਦਿਅਕ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਡਾ. ਅਵੀਨਿੰਦਰਪਾਲ ਸਿੰਘ ਡਾਇਰੈਕਟਰ ਹਿਊਮਨ ਰਿਸੋਰਸ ਪਲੈਨਿੰਗ ਐਂਡ ਫਾਲੋਅਪ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਅਤੇ ਰਣਜੀਤ ਸਿੰਘ 'ਟੋਨੀ' ਖੇਤਰੀ ਯੂਨਿਟ ਵਾੜਾਦਰਾਕਾ ਨੇ ਹਾਜਰੀ ਭਰੀ। ਇਸ ਦੌਰਾਨ ਸੰਬੋਧਨ ਕਰਦਿਆਂ ਡਾ. ਅਵੀਨਿੰਦਰਪਾਲ ਸਿੰਘ ਨੇ ਜੀਵਨ ਜਿਉਣ ਦੇ ਢੰਗਾਂ ਬਾਰੇ ਬੜੇ ਪ੍ਰਭਾਵਸ਼ਾਲੀ ਤਰੀਕੇ





ਨਾਲ ਸਮਝਾਉਂਦਿਆਂ ਚੰਗੇ ਬੁਰੇ ਦੀ ਪਹਿਚਾਣ, ਕਿਸੇ ਨੂੰ ਦੋਸ਼ ਨਾ ਦੇਣਾ, ਸੱਚ ਦੇ ਰਾਹ 'ਤੇ ਚੱਲਣ, ਸਭ ਦੀ ਭਲਾਈ ਕਰਨ, ਝੂਠ ਨਾ ਬੋਲਣ, ਸੋਨੇ ਅਤੇ ਪੱਥਰ ਦੀਆਂ ਉਦਾਹਰਣਾ ਰਾਹੀਂ ਗੁਰਬਾਣੀ ਵਿੱਚੋਂ ਤਰਕ ਦੇ ਕੇ ਬੱਚਿਆਂ ਨੂੰ ਅੰਦਰ ਦੇ ਹਨੇਰੇ ਤੇ ਚਾਨਣ ਬਾਰੇ ਦੱਸਿਆ। ਬੱਚਿਆਂ ਨੇ ਧਿਆਨਪੂਰਵਕ ਉਹਨਾਂ ਦੀਆਂ ਗੱਲਾਂ ਨੂੰ ਸੁਣਿਆ ਅਤੇ ਆਪਣੇ ਜੀਵਨ ਵਿੱਚ ਚੰਗੀਆਂ ਗੱਲਾਂ ਨੂੰ ਅਪਣਾਉਣ ਦਾ ਪ੍ਰਣ ਲਿਆ। ਇਸ ਸਮੇਂ ਸਕੂਲ ਪ੍ਰਿੰਸੀਪਲ ਮੈਡਮ ਸਤਿੰਦਰ ਕੌਰ ਨੇ ਦੱਸਿਆ ਕਿ ਪੜਾਈ ਦੇ ਨਾਲ-ਨਾਲ ਬੱਚਿਆਂ ਦੇ ਜੀਵਨ ਨੂੰ ਸੁਚੱਜਾ ਬਣਾਉਣ ਲਈ ਸੰਸਥਾ ਵੱਲੋਂ ਹੋਰ ਵੀ ਇਸ ਤਰਾਂ ਦੇ ਸੈਮੀਨਾਰ ਸਮੇਂ-ਸਮੇਂ 'ਤੇ ਕਰਵਾਏ ਜਾਣਗੇ। ਉਹਨਾਂ ਵੱਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਸੰਸਥਾ ਵੱਲੋਂ ਉਹਨਾਂ ਨੂੰ ਸਨਮਾਨ ਚਿੰਨ ਭੇਟ ਕੀਤੇ ਗਏ। ਇਸ ਮੌਕੇ ਉਪਰੋਕਤ ਤੋਂ ਇਲਾਵਾ ਸਕੂਲ ਚੇਅਰਮੈਨ ਹਰਮਨਪ੍ਰੀਤ ਸਿੰਘ ਬਰਾੜ ਸਮੇਤ ਅਧਿਆਪਕ ਅਮਰਜੀਤ ਕੌਰ, ਅੰਮ੍ਰਿਤ ਕੌਰ, ਰਜਨੀ ਬਾਲਾ, ਪਾਰੂਲ ਅਤੇ ਸ਼ਿਖਾ ਆਦਿ ਵੀ ਹਾਜਰ ਸਨ।

## ਸਰਕਾਰੀ ਮਿਡਲ ਸਕੂਲ ਹੁਸੈਨਪੁਰ ਦਾ ਅੱਠਵੀਂ ਦਾ ਨਤੀਜਾ ਰਿਹਾ 100%

ਵਰਲਡ ਪੰਜਾਬੀ ਟਾਈਮਜ਼
ਗੁਰਬਿੰਦਰ ਸਿੰਘ ਰੋਮੀ

ਰੋਪੜ, 6 ਮਈ : ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਅੱਠਵੀਂ ਜਮਾਤ ਦੇ ਨਤੀਜੇ ਵਿੱਚ ਸਮਸ ਹੁਸੈਨਪੁਰ (ਰੋਪੜ-2) ਦਾ ਨਤੀਜਾ ਸੌ ਫ਼ੀਸਦੀ ਰਿਹਾ। ਜਿਸ ਬਾਰੇ ਸਕੂਲ ਮੁਖੀ ਬਲਵਿੰਦਰ ਸਿੰਘ ਨੇ ਦੱਸਿਆ ਕਿ ਭਾਗਿਆ ਲੱਛਮੀ ਸਿੰਘ ਨੇ 95.5%, ਤਰਨਪ੍ਰੀਤ ਕੌਰ ਨੇ 95% ਅਤੇ ਅਨਸ ਨੇ 89.3% ਫ਼ੀਸਦੀ ਅੰਕ ਪ੍ਰਾਪਤ ਕਰਕੇ ਕ੍ਰਮਵਾਰ ਪਹਿਲਾ, ਦੂਸਰਾ ਅਤੇ ਤੀਸਰਾ ਸਥਾਨ ਪ੍ਰਾਪਤ ਕੀਤਾ। ਜਿਸ ਲਈ ਸਕੂਲ ਮੁਖੀ ਅਤੇ ਮੈਨੇਜ਼ਮੈਂਟ ਚੇਅਰਪਰਸਨ ਅਮਰਜੀਤ ਕੌਰ ਨੇ ਵਿਦਿਆਰਥੀਆਂ, ਮਾਪਿਆਂ ਤੇ ਅਧਿਆਪਕਾਂ ਨੂੰ ਮੁਬਾਰਕਾਂ ਅਤੇ ਵਿਦਿਆਰਥੀਆਂ ਨੂੰ ਮੈਡਲਾਂ ਨਾਲ਼ ਸਨਮਾਨਿਤ ਕਰਕੇ ਸ਼ਾਨਦਾਰ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਅਧਿਆਪਕ ਰੁਪਿੰਦਰ ਸਿੰਘ, ਰੇਨੂ ਸ਼ਰਮਾ, ਰਾਏ ਸਿੰਘ, ਕਰਮਜੀਤ ਕੌਰ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।



## ਇੰਟਰਨੈਸ਼ਨਲ ਮਿਲੇਨੀਅਮ ਸਕੂਲ ਦੇ ਵਿਦਿਆਰਥੀਆਂ ਨੂੰ ਕੀਤਾ ਗਿਆ ਸਨਮਾਨਿਤ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 6 ਮਈ : 'ਡੌਲਫਿਨ ਪਬਲਿਕ ਸਕੂਲ" ਵਾੜਾ ਦਰਾਕਾ ਵਿਖੇ ਨੈਤਿਕ ਕਦਰਾਂ-ਕੀਮਤਾਂ ਦੀ ਪ੍ਰਫੁੱਲਤਾ ਲਈ ਵਿਦਿਅਕ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਡਾ. ਅਵੀਨਿੰਦਰਪਾਲ ਸਿੰਘ ਡਾਇਰੈਕਟਰ ਹਿਊਮਨ ਰਿਸੋਰਸ ਪਲੈਨਿੰਗ ਐਂਡ ਫਾਲੋਅਪ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਅਤੇ ਰਣਜੀਤ ਸਿੰਘ 'ਟੋਨੀ' ਖੇਤਰੀ ਯੂਨਿਟ ਵਾੜਾਦਰਾਕਾ ਨੇ ਹਾਜਰੀ ਭਰੀ। ਇਸ ਦੌਰਾਨ ਸੰਬੋਧਨ ਕਰਦਿਆਂ ਡਾ. ਅਵੀਨਿੰਦਰਪਾਲ ਸਿੰਘ ਨੇ ਜੀਵਨ ਜਿਉਣ ਦੇ ਢੰਗਾਂ ਬਾਰੇ ਬੜੇ ਪ੍ਰਭਾਵਸ਼ਾਲੀ ਤਰੀਕੇ ਨਾਲ ਸਮਝਾਉਂਦਿਆਂ ਚੰਗੇ ਬੁਰੇ ਦੀ ਪਹਿਚਾਣ, ਕਿਸੇ ਨੂੰ ਦੋਸ਼ ਨਾ ਦੇਣਾ, ਸੱਚ ਦੇ ਰਾਹ 'ਤੇ ਚੱਲਣ, ਸਭ ਦੀ ਭਲਾਈ ਕਰਨ, ਝੂਠ ਨਾ ਬੋਲਣ, ਸੋਨੇ ਅਤੇ ਪੱਥਰ ਦੀਆਂ ਉਦਾਹਰਣਾ ਰਾਹੀਂ ਗੁਰਬਾਣੀ ਵਿੱਚੋਂ ਤਰਕ ਦੇ ਕੇ ਬੱਚਿਆਂ ਨੂੰ ਅੰਦਰ ਦੇ ਹਨੇਰੇ ਤੇ ਚਾਨਣ ਬਾਰੇ ਦੱਸਿਆ। ਬੱਚਿਆਂ ਨੇ ਧਿਆਨਪੂਰਵਕ ਉਹਨਾਂ ਦੀਆਂ ਗੱਲਾਂ ਨੂੰ ਸੁਣਿਆ ਅਤੇ ਆਪਣੇ ਜੀਵਨ ਵਿੱਚ ਚੰਗੀਆਂ ਗੱਲਾਂ ਨੂੰ ਅਪਣਾਉਣ ਦਾ ਪ੍ਰਣ ਲਿਆ। ਇਸ ਸਮੇਂ ਸਕੂਲ ਪ੍ਰਿੰਸੀਪਲ ਮੈਡਮ ਸਤਿੰਦਰ ਕੌਰ ਨੇ ਦੱਸਿਆ ਕਿ ਪੜਾਈ ਦੇ ਨਾਲ-ਨਾਲ ਬੱਚਿਆਂ ਦੇ ਜੀਵਨ ਨੂੰ ਸੁਚੱਜਾ ਬਣਾਉਣ ਲਈ ਸੰਸਥਾ ਵੱਲੋਂ ਹੋਰ ਵੀ ਇਸ ਤਰਾਂ ਦੇ ਸੈਮੀਨਾਰ ਸਮੇਂ-ਸਮੇਂ 'ਤੇ ਕਰਵਾਏ ਜਾਣਗੇ। ਉਹਨਾਂ ਵੱਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਸੰਸਥਾ ਵੱਲੋਂ ਉਹਨਾਂ ਨੂੰ ਸਨਮਾਨ ਚਿੰਨ ਭੇਟ ਕੀਤੇ ਗਏ। ਇਸ ਮੌਕੇ ਉਪਰੋਕਤ ਤੋਂ ਇਲਾਵਾ ਸਕੂਲ ਚੇਅਰਮੈਨ ਹਰਮਨਪ੍ਰੀਤ ਸਿੰਘ ਬਰਾੜ ਸਮੇਤ ਅਧਿਆਪਕ ਅਮਰਜੀਤ ਕੌਰ, ਅੰਮ੍ਰਿਤ ਕੌਰ, ਰਜਨੀ ਬਾਲਾ, ਪਾਰੂਲ ਅਤੇ ਸ਼ਿਖਾ ਆਦਿ ਵੀ ਹਾਜਰ ਸਨ।




## ਕਿਸਾਨੀ ਮੋਰਚੇ ਵਿੱਚ ਪਹਿਲੀ ਸ਼ਹੀਦ ਬੀਬੀ ਬਲਵਿੰਦਰ ਕੌਰ ਦਾ ਸੰਸਕਾਰ ਉਹਨਾਂ ਦੇ ਜੱਦੀ ਪਿੰਡ ਵਲੀਪੁਰ ਜ਼ਿਲ੍ਹਾ ਤਰਨ ਤਾਰਨ ਵਿਖੇ ਕੀਤਾ ਗਿਆ।

ਵਰਲਡ ਪੰਜਾਬੀ ਟਾਈਮਜ਼

ਤਰਨ ਤਾਰਨ 6 ਮਈ : ਕਿਸਾਨੀ ਮੋਰਚੇ ਸ਼ੰਬੂ ਤੇ ਪਹਿਲੀ ਸ਼ਹੀਦ ਹੋਈ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੀ ਮੈਂਬਰ ਬੀਬੀ ਬਲਵਿੰਦਰ ਕੌਰ ਦਾ ਸੰਸਕਾਰ ਉਹਨਾਂ ਦੇ ਜੱਦੀ ਪਿੰਡ ਵਾਲੀਪੁਰ ਵਿਖੇ ਕੀਤਾ ਗਿਆ।

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਤਰਨ ਤਾਰਨ ਦੇ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ , ਸੂਬਾ ਆਗੂ ਸਲਵਿੰਦਰ ਸਿੰਘ ਚਤਾਲਾ,ਸੂਬਾ ਆਗੂ ਹਰਪ੍ਰੀਤ ਸਿੰਘ ਸਿੱਧਵਾਂ ਨੇ ਬੀਬੀ ਬਲਵਿੰਦਰ ਕੌਰ ਦੇ ਸੰਸਕਾਰ ਮੌਕੇ ਪਰਿਵਾਰ ਨਾਲ ਦੁੱਖ ਪ੍ਰਗਟਾਉਂਦੇ ਹੋਏ ਸ਼ਰਧਾ ਦੇ ਫੁੱਲ ਭੇਟ ਕੀਤੇ। ਕਿਸਾਨ ਆਗੂਆਂ ਨੇ ਕਿਹਾ ਕੀ ਇਹ ਸਾਡੀ ਬਦਕਿਸਮਤੀ ਹੈ। ਕਿ ਸਰਕਾਰ ਦੀਆਂ ਨਲਾਇਕੀਆਂ , ਮਾੜੀਆਂ ਨੀਤੀਆਂ, ਕਾਰਪੋਰੇਟ ਪੱਖੀ ਸੋਚ ਕਰਕੇ ।ਆਮ ਲੋਕਾਂ ਦੀ ਜ਼ਿੰਦਗੀ ਬੱਤ ਤੋਂ ਬੱਤਰ ਹੁੰਦੀ ਜਾ ਰਹੀ ਹੈ। ਉਹਨਾਂ ਕਿਹਾ ਕਿ ਇਹ ਸਾਡੀ ਬਹੁਤ ਵੱਡੀ ਤਰਾਸ਼ਦੀ ਹੈ। ਕਿ ਐਡੇ ਵੱਡੇ ਲੋਕਤੰਤਰੀ ਰਾਜ ਵਿੱਚ ਅੱਜ ਸਾਡੀਆਂ ਮਾਵਾਂ ਭੈਣਾਂ ਨੂੰ ਸੜਕਾਂ ਤੇ ਬੈਠ ਕੇ ਅੱਤ ਦੀ ਗਰਮੀ ਵਿੱਚ ਆਪਣੀਆਂ ਹੱਕੀ ਮੰਗਾਂ ਨੂੰ ਮਨਵਾਉਣ ਲਈ ਮੋਰਚਾ ਲਾਉਣਾ ਪਿਆ। ਉਹਨਾਂ ਕਿਹਾ ਜੇਕਰ ਕਾਰਪੋਰੇਟ ਘਰਾਣਿਆਂ ਲਈ ਕਾਰਪੋਰੇਟ ਪੱਖੀ ਕਾਨੂੰਨ ਬਣ ਸਕਦੇ ਹਨ। ਉਹਨਾਂ ਦਾ ਹਜ਼ਾਰਾਂ ਕਰੋੜਾਂ ਦਾ ਕਰਜਾ ਮਾਫ ਹੋ ਸਕਦਾ ਹੈ ।ਤਮ ਕਿਸਾਨਾਂ ਦੀਆਂ ਮੰਗਾਂ ਤੋਂ ਸਰਕਾਰ ਕਿਉਂ ਭੱਜ ਰਹੀ ਹੈ ।ਕਿਸਾਨ ਦੇਸ਼ ਦੀ ਰੀੜ ਦੀ ਹੱਡੀ ਹੈ। ਸਾਰਾ ਅਰਥਸ਼ਾਸਤਰ ਕਿਸਾਨੀ ਦੇ ਏੜ ਗੇੜ ਘੁੰਮਦਾ ਹੈ। ਜਿੱਥੇ ਕਿਸਾਨ ਅੰਨਦਾਤਾ ਹੈ। ਉੱਥੇ ਕਿਸਾਨ ਟੈਕਸ ਵੀ ਭਰਦਾ ਹੈ। ਖਾਦਾਂ ਦਵਾਈਆਂ ਕਿਸਾਨੀ ਸੰਦਾਂ ਤੇ ਜੀਐਸਟੀ ਦੇ ਕੇ ਖਰੀਦਾ ਹੈ। ਜਿਸ ਤੇ ਸਾਰਾ ਵਪਾਰ ਨਿਰਭਰ ਕਰਦਾ ਹੈ ।ਜਿਵੇਂ ਕਿਸਾਨ ਦੁਕਾਨਾਂ ਤੋਂ ਸਮਾਨ ਲੈਂਦਾ ਹੈ। ਦੁਕਾਨਦਾਰ ਅੱਗੋਂ ਕੰਪਨੀਆਂ ਤੋਂ ਸਮਾਨ ਲੈਂਦਾ ਹੈ। ਇਸੇ ਪ੍ਰਕਿਰਿਆ ਵਿੱਚ ਅਰਥ ਸ਼ਾਸਤਰ ਚੱਲ ਰਿਹਾ ਹੈ। ਜੇਕਰ ਕਿਸਾਨੀ ਨਾ ਬਚਾਈ ਗਈ ਤਾਂ ਇਹ ਸਾਰਾ ਢਾਂਚਾ ਤਹਿਸਨੈਸ ਹੋ ਜਾਵੇਗਾ। ਜਿਸ ਨੂੰ ਬਚਾਉਣ ਲਈ ਬੀਬੀ ਬਲਵਿੰਦਰ ਕੌਰ ਨੇ ਆਪਣੀ ਜਿੰਮੇਵਾਰੀ ਸਮਝਦੇ ਹੋਏ ਲਗਾਤਾਰ ਸ਼ੰਭੂ ਮੋਰਚੇ ਵਿੱਚ ਹਾਜ਼ਰੀ ਭਰੀ ਤੇ ਹਾਜਰੀ ਭਰਦੇ ਹੋਏ ਅੰਤ ਵਿੱਚ ਸ਼ਹੀਦੀ ਪ੍ਰਾਪਤ ਕਰ ਗਏ ।ਕਿਸਾਨ ਆਗੂਆਂ ਨੇ ਕਿਹਾ ਕਿ ਬੀਬੀ ਬਲਵਿੰਦਰ ਕੌਰ ਦੀ ਸ਼ਹੀਦੀ ਨੂੰ ਅਸੀਂ ਯਾਦ ਰੱਖਦੇ ਹੋਏ ।ਉਹਨਾਂ ਦੀ ਸੋਚ ਤੇ ਚਲਦੇ ਹੋਏ ਇਸ ਮੋਰਚੇ ਨੂੰ ਜਿੱਤ ਦੀਆਂ ਰਾਹਵਾਂ ਤੇ ਲੈ ਕੇ ਜਾਵਾਂਗੇ। ਅਤੇ ਹਰ ਉਸ ਦੱਬੇ ਕੁਚਲੇ ਵਰਗ ਦਾ ਨਾਲ ਖੜੇ ਹੋ ਕੇ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕਰਾਂਗੇ। ਕਿਸਾਨ ਆਗੂਆਂ ਨੇ ਅਪੀਲ ਕੀਤੀ ਇਹ ਮੋਰਚਾ ਦੇਸ਼ ਨੂੰ ਬਚਾਉਣ ਲਈ ਅਖੀਰਲੀ ਲੜਾਈ ਹੈ। ਤੇ ਇਸ ਵਿੱਚ ਹਰ ਵਰਗ ਨੂੰ ਸ਼ਾਮ ਨੂੰ ਹੋਣਾ ਚਾਹੀਦਾ ਹੈ।ਇਸ ਦੁੱਖ ਘੜੀ ਵਿੱਚ ਸ਼ਾਮਿਲ ਹੋਏ ਆਗੂ ਰੇਸ਼ਮ ਸਿੰਘ ਘੁਰਕਵਿੰਡ, ਜਰਨੈਲ ਸਿੰਘ ਨੂਰਦੀ , ਫਤਿਹ ਸਿੰਘ ਪਿੱਦੀ, ਸਲਵਿੰਦਰ ਸਿੰਘ ਜੀਉਬਾਲਾ, ਲਖਵਿੰਦਰ ਸਿੰਘ ਪਲਾਸੌਰ, ਸੁਖਵਿੰਦਰ ਸਿੰਘ ਦੁਗਲਵਾਲਾ ਕੁਲਦੀਪ ਸਿੰਘ ਬੁੱਗਾ ਆਦਿ ਆਗੂ ਹਾਜ਼ਰ ਹੋਏ।




ਵਰਲਡ ਪੰਜਾਬੀ ਟਾਈਮਜ਼ 06 ਮਈ 2024 ਦਿਨ ਸੋਮਵਾਰ

## ਸੰਜਮ****

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

ਅਸੀਂ ਸਭ ਜਾਣਦੇ ਹਾਂ ਮਨੁੱਖ ਇਕ ਸਮਾਜਿਕ ਜੀਵ ਹੈ।ਇਸ ਦੇ ਜੀਵਨ ਵਿਚ ਸੰਜਮ ਦਾ ਬਹੁਤ ਮਹੱਤਵ ਹੁੰਦਾ ਹੈ।




ਸੰਜਮ ਨੂੰ ਦੂਸਰੇ ਅਰਥਾਂ ਵਿਚ ਅਸੀਂ ਬੰਧਨ ਵੀ ਕਹਿ ਸਕਦੇ ਹਾਂ। ਸਧਾਰਨ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਰੋਜ਼ ਵਰਤੋਂ ਦੀਆਂ ਚੀਜ਼ਾਂ ਤੇ ਘਰ ਵਿਚ ਰੁਪੇਏ ਪੈਸੇ ਨੂੰ ਸੰਜਮ ਨਾਲ ਖਰਚ ਕਰਨਾ ਚਾਹੀਦਾ ਹੈ। ਜੇ ਅਸੀਂ ਸਾਰੀਆਂ ਚੀਜ਼ਾਂ ਸੰਜਮ ਨਾਲ ਵਰਤਾਂਗੇ ਸੰਜਮ ਆਪਣੇ ਆਪ ਹੋ ਜਾਏਗੀ।

ਚਾਦਰ ਦੇਖ ਕੇ ਪੈਰ ਪਸਾਰਨੇ ਚਾਹੀਦੇ ਹਨ। ਸਾਡੇ ਕੋਲ ਸੌ ਰੁਪਏ ਹਨ। ਸਾਨੂੰ ਨੱਬੇ ਰੁਪਏ ਖਰਚ ਕਰਨੇ ਚਾਹੀਦੇ ਹਨ।

ਜੇ ਅਸੀਂ ਘਰ ਵਰਤਨ ਵਾਲੀਆਂ ਚੀਜ਼ਾਂ ਖੰਡ, ਦਾਲ, ਆਟਾ,ਤੇਲ ਆਦਿ ਦੀ ਵਰਤੋਂ ਸੰਜਮ ਨਾਲ ਕਰਾਂ ਗੇ ਤਾਂ ਹੀ ਪੈਸੇ ਬਚਾਏ ਜਾਣਗੇ। ਘਰ ਵਿਚ ਉਨ੍ਹੀ ਹੀ ਚੀਜ਼ ਬਣਾਈ ਜਾਏ ਜਿੰਨੀ ਲੋੜ ਹੈ।

ਅਸੀਂ ਬਾਰ ਬਾਰ ਚਾਹ ਪੀਂਦੇ ਹਾਂ ਤਾਂ ਸੰਜਮ ਨਾਲ ਦੋ ਵਾਰੀ ਪੀ ਕੇ ਵੀ ਬਚਤ ਹੋ ਸਕਦੀ ਹੈ।

ਕੁਝ ਔਰਤਾਂ ਤਾਂ ਘਰ ਵਿਚ ਜ਼ਰੂਰਤ ਤੋਂ ਵੱਧ ਦਾਲ ਸਬਜ਼ੀ ਬਣਾ ਕੇ ਫਿਰ ਕੰਮਵਾਲੀ ਨੂੰ ਦੇ ਦੇਂਦੀ ਹੈ। ਇਹ ਕੋਈ ਸ਼ਾਨ ਨਹੀਂ ਹੈ। ਸਾਨੂੰ ਗੈਸ ਬਿਜਲੀ ਤੇ ਬਾਲਣ ਦੀ ਵਰਤੋਂ ਸੰਜਮ ਨਾਲ ਕਰਨੀ ਚਾਹੀਦੀ ਹੈ ਜਿਸ ਕਮਰੇ ਵਿਚ ਤੁਸੀਂ ਸਾਰੇ ਬੈਠੇ ਹੋ ਉੱਥੇ ਹੀ ਪੱਖਾਂ ਟਿਊਬ ਜਲਾ ਕੇ ਬਾਟੀ ਬੰਦ ਰੱਖਣਾ ਚਾਹੀਦਾ ਹੈ।

ਜਿਹੜੇ ਕੰਮ ਕੰਮ ਪੈਦਲ ਹੋ ਜਾਂਦੇ ਹਨ ਜਾਂ ਸਾਇਕਲ ਨਾਲ ਕਰਨੇ ਚਾਹੀਦੇ ਹਨ

ਕਾਰ ,ਸਕੂਟਰ ਦੀ ਲੋੜ ਨਹੀਂ ਤੇ ਪੈਟਰੋਲ ਬਚਾ ਸਕਦੇ ਹੋ। ਬਹੁਤ ਮਹਿੰਗਾਈ ਹੋ ਰਹੀ ਹੈ।

ਕਿਸੇ ਸ਼ਾਦੀ ਵਿਆਹ ਤੇ ਜਾਣਾ ਹੈ ਤਾਂ ਤਿਆਰ ਹੋਣ ਵਾਸਤੇ ਪਾਰਲਰਾਂ ਤੇ ਜਾਦੇ ਹਨ ਜੋ ਅਜ ਕਲ ਰਿਵਾਜ ਵੀ ਹੋ ਗਿਆ ਹੈ। ਠੀਕ ਹੈ ਜਾਓ

ਜ਼ਿਆਦਾ ਮਹਿੰਗੇ ਤੇ ਜਾਣ ਦੀ ਕੀ ਲੋੜ ਹੈ। ਤੁਸੀਂ ਦੂਸਰਿਆਂ ਤੋਂ ਵੀ ਵੱਧ ਕੇ ਸੋਹਣੇ ਲਗੋ ਗੇ ।

ਅਜ ਰਿਵਾਜ਼ ਹੈ ਦੂਸਰੇ ਨੇ ਜੋ ਪਾਇਆ ਹੈ ਮੈਂ ਉਸ ਤੋਂ ਅੱਗੇ ਨਿਕਲਾ ਸਿਰਫ਼ ਲੋਕੀਂ ਮੇਰੀ ਹੀ ਤਾਰੀਫ਼ ਕਰਨ।

ਇੱਥੇ ਮੈਂ ਫਿਰ ਆਖਾਂ ਗੀ ਸੰਜਮ ਕਰ ਪੈਸੇ ਦੀ ਬੱਚਤ ਕਰ ਝੂਠੀ ਸ਼ਾਨ ਬੱਦਲੇ ਕਰਜ਼ਦਾਰ ਨਾ ਹੋ ਜਾਵੀਂ। ਦੋ ਮਿੰਟ ਦੀ ਵਾਹ ਵਾਹੀ ਪਿੱਛੇ।

ਆਪਣੀ ਚਾਦਰ ਦੇਖ ਕੇ ਪੈਰ ਪਸਾਰਨੇ ਚਾਹੀਦੇ ਹਨ।

ਕਿਸੇ ਦਾ ਮੂੰਹ ਲਾਲ ਹੈ ਆਪਨਾ ਥੱਪੜ ਮਾਰ ਕੇ ਲਾਲ ਨਹੀਂ ਕਰਨਾ ਚਾਹੀਦਾ। ਸੰਜਮ ਹੀ ਜਿੰਦਗੀ ਦਾ ਅਧਾਰ ਹੈ ਸਾਦਗੀਪਨ ਨਾਲ ਜਿੰਦਗੀ ਸਵਰਗ ਹੋ ਜਾਂਦੀ ਹੈ।

## """""""ਕੋਵਿਡ ਵੈਕਸੀਨ"""'"""""




ਓਦੋਂ ਲਗਦੀ ਸੀ,ਵੈਕਸੀਨ ਬੜੀ ਚੰਗੀ,
ਹੁਣ ਦੱਸਦੇ ਹਾਂ ਰੋਗਾਂ ਦੀ ਪੰਡ ਮੀਆਂ।

ਉਦੋਂ ਅੰਨ੍ਹੇਵਾਹ ਲਾ ਦਿੱਤੀ ਸਾਰਿਆਂ ਦੇ,
ਛੱਡਿਆ ਕੋਈ ਨੀ ਦੇਸ਼ ਦਾ ਖੰਡ ਮੀਆਂ।

ਚਾਰ ਸਾਲ ਹੋ ਗਏ ਟੀਕੇ ਲੱਗਿਆਂ ਨੂੰ,
ਹੁਣ ਰਹੇ ਕਿਓਂ ਇਸ ਨੂੰ ਭੰਡ ਮੀਆਂ।

ਇਹ ਵੀ ਲੱਗਦੀ ਸਿਆਸਤ ਲੀਡਰਾਂ ਦੀ,
ਪੱਤੋ,ਲੋਕਾਂ ਨੂੰ ਦਿੱਤਾ ਇਨ੍ਹਾਂ ਦੰਡ ਮੀਆਂ।

ਵਰਲਡ ਪੰਜਾਬੀ ਟਾਈਮਜ਼
ਹਰਪ੍ਰੀਤ ਪੱਤੋ

## ਵਾਹ-ਵਾਹ ਜਗਤ ਤਮਾਸ਼ਾ




ਲੱਭ ਲੱਭ ਕੇ ਥੱਕ ਗਿਆ ਹਾਂ,

ਮੈਂ ਦਿੱਤੀਆਂ ਸਭ ਗਾਰੰਟੀਆਂ ਨੂੰ,

ਫੇਰ ਲੁਭਾਉਣ ਲਈ ਆ ਰਹੇ ਹਾਂ,

ਅੰਕਲ ਤੇ ਸਭ ਆਂਟੀਆਂ ਨੂੰ,

ਕਿਸੇ ਨੂੰ ਲਾਲੀਪੋਪ ਫ੍ਰੀ ਦਾ,

ਕਿਸੇ ਨੂੰ ਨੌਕਰੀ ਝਾਂਸਾ,

ਮੂਰਖ ਜਨਤਾ ਲੜ -ਲੜ ਮਰਨੀ,

ਆਪਣਾ ਨਿੱਕਲੂ ਹਾਸਾ,

ਪਲ ਵਿੱਚ ਆਪਾਂ ਤੋਲਾ ਹੋਣਾ,

ਪਲ ਵਿੱਚ ਹੋਣਾ ਮਾਸਾ

ਆਪਣੇ ਹੱਥ ਵਿੱਚ ਰਾਜ ਭਾਗ ਹੋਊ ,

ਜਨਤਾ ਦੇ ਹੱਥ ਕਾਸਾ,

ਪ੍ਰਿੰਸ ਨਿਮਾਣਿਆ ਜਿੱਤ ਕੇ ਆਪਾਂ,

ਬਦਲ ਲੈਣਾ ਹੈ ਪਾਸਾ


ਵਾਹ ਵਾਹ ਜਗਤ ਤਮਾਸ਼ਾ,

ਬੰਦਿਆ ਵਾਹ ਵਾਹ ਜਗਤ ਤਮਾਸ਼ਾ,

ਵਰਲਡ ਪੰਜਾਬੀ ਟਾਈਮਜ਼
ਰਣਬੀਰ ਸਿੰਘ ਪ੍ਰਿੰਸ

## ਕੌੜੀਆਂ ਪਰ ਸੱਚੀਆਂ

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ



ਪ੍ਰਸਿੱਧ ਵਿਅੰਗਕਾਰ ਹਰੀਸ਼ੰਕਰ ਪਰਸਾਈ (22.8.1922- 10.8.1955) ਦੀਆਂ ਅੱਜ ਤੋਂ ਕਰੀਬ 50 ਸਾਲ ਪਹਿਲਾਂ ਰਚੀਆਂ ਵੱਖ ਵੱਖ ਵਿਅੰਗ ਰਚਨਾਵਾਂ 'ਚੋਂ 20 ਪੰਕਤੀਆਂ ਚੁਣ ਕੇ ਤੁਹਾਡੇ ਸਾਹਮਣੇ ਪੇਸ਼ ਹਨ, ਜੋ ਅੱਜ ਵੀ ਉਨੀਆਂ ਹੀ ਤਾਜ਼ਾ-ਤਰੀਨ ਹਨ। ਇਹ ਰਚਨਾਵਾਂ ਤੁਹਾਨੂੰ ਮਿਰਚਾਂ ਨਾਲੋਂ ਵੀ ਵੱਧ ਕੌੜੀਆਂ ਅਤੇ ਤਿੱਖੀਆਂ ਲੱਗਣਗੀਆਂ :

1. ਮੁੰਡਿਆਂ ਨੂੰ ਆਪਣਾ ਇਮਾਨਦਾਰ ਪਿਓ ਨਿਕੰਮਾ ਲੱਗਦਾ ਹੈ।

2. ਦਿਵਸ ਹਮੇਸ਼ਾ ਕਮਜ਼ੋਰ ਦਾ ਹੀ ਮਨਾਇਆ ਜਾਂਦਾ ਹੈ ਜਿਵੇਂ 'ਮਾਤ ਭਾਸ਼ਾ ਦਿਵਸ', 'ਮਹਿਲਾ ਦਿਵਸ', 'ਅਧਿਆਪਕ ਦਿਵਸ', 'ਮਜ਼ਦੂਰ ਦਿਵਸ' ਆਦਿ। ਕਦੇ ਵੀ 'ਥਾਣੇਦਾਰ ਦਿਵਸ' ਨਹੀਂ ਮਨਾਇਆ ਜਾਂਦਾ।

3. ਕੰਮ ਵਾਲੇ ਬੰਦੇ ਨੂੰ ਆਪਣਾ ਕੰਮ ਕਰਨ ਵਿੱਚ ਜਿੰਨੀ ਅਕਲ ਦੀ ਲੋੜ ਪੈਂਦੀ ਹੈ, ਉਸ ਤੋਂ ਵੱਧ ਅਕਲ ਬੇਕਾਰ ਬੰਦੇ ਨੂੰ ਸਮਾਂ ਬਿਤਾਉਣ ਵਿੱਚ ਲੱਗਦੀ ਹੈ।

4. ਜਿਨ੍ਹਾਂ ਦੀ ਹੈਸੀਅਤ ਹੈ, ਉਹ ਇੱਕ ਤੋਂ ਵੱਧ ਪਿਓ ਰੱਖਦੇ ਹਨ। ਇੱਕ ਘਰ ਵਿੱਚ, ਇੱਕ ਦਫ਼ਤਰ ਵਿੱਚ, ਇੱਕ-ਦੋ ਬਜ਼ਾਰ ਵਿੱਚ, ਇੱਕ-ਇੱਕ ਹਰ ਰਾਜਨੀਤਕ ਪਾਰਟੀ ਵਿੱਚ।

5. ਆਤਮ-ਵਿਸ਼ਵਾਸ ਕਈ ਤਰ੍ਹਾਂ ਦਾ ਹੁੰਦਾ ਹੈ- ਧਨ ਦਾ, ਸ਼ਕਤੀ ਦਾ, ਗਿਆਨ ਦਾ। ਪਰ ਮੂਰਖਤਾ ਦਾ ਆਤਮ-ਵਿਸ਼ਵਾਸ ਸਭ ਤੋਂ ਉੱਤੇ ਹੁੰਦਾ ਹੈ।

6. ਸਭ ਤੋਂ ਨਿਰਾਰਥਕ ਅੰਦੋਲਨ ਭ੍ਰਿਸ਼ਟਾਚਾਰ ਦੇ ਵਿਰੋਧ ਦਾ ਹੁੰਦਾ ਹੈ। ਇੱਕ ਤਰ੍ਹਾਂ ਦਾ ਇਹ ਮਨੋਰੰਜਨ ਹੈ ਜੋ ਰਾਜਨੀਤਕ ਪਾਰਟੀ ਕਦੇ ਕਦੇ ਖੇਡ ਲੈਂਦੀ ਹੈ, ਜਿਵੇਂ ਕ੍ਰਿਕਟ ਜਾਂ ਕਬੱਡੀ ਦੇ ਮੈਚ।

7. ਰੋਜ਼ ਵਿਧਾਨ ਸਭਾ ਦੇ ਬਾਹਰ ਇੱਕ ਬੋਰਡ ਤੇ 'ਅੱਜ ਦਾ ਬਜ਼ਾਰ ਭਾ' ਲਿਖਿਆ ਹੋਣਾ ਚਾਹੀਦਾ ਹੈ। ਨਾਲ ਹੀ ਉਨ੍ਹਾਂ ਵਿਧਾਇਕਾਂ ਦੀ ਸੂਚੀ ਚਿਪਕੀ ਹੋਣੀ ਚਾਹੀਦੀ ਹੈ, ਜੋ ਵਿਕਣ ਨੂੰ ਤਿਆਰ ਹੋਣ। ਇਸ ਨਾਲ ਖਰੀਦਾਰ ਨੂੰ ਵੀ ਸੁਵਿਧਾ ਹੋਵੇਗੀ ਅਤੇ ਮਾਲ ਨੂੰ ਵੀ।

8. ਸਾਡੇ ਲੋਕਤੰਤਰ ਦੀ ਇਹ ਟ੍ਰੈਜਿਡੀ ਅਤੇ ਕਾਮੇਡੀ ਹੈ ਕਿ ਕਈ ਲੋਕ, ਜਿਨ੍ਹਾਂ ਨੂੰ ਜੀਵਨ ਭਰ ਜੇਲ੍ਹਖਾਨੇ ਵਿੱਚ ਰਹਿਣਾ ਚਾਹੀਦਾ ਹੈ, ਉਹ ਜ਼ਿੰਦਗੀ ਭਰ ਸੰਸਦ ਜਾਂ ਵਿਧਾਨ ਸਭਾ ਵਿੱਚ ਬੈਠਦੇ ਹਨ।

9. ਵਿਚਾਰ ਜਦੋਂ ਅਲੋਪ ਹੋ ਜਾਂਦਾ ਹੈ ਜਾਂ ਵਿਚਾਰ ਪ੍ਰਗਟ ਕਰਨ ਵਿੱਚ ਰੁਕਾਵਟ ਹੁੰਦੀ ਹੈ ਜਾਂ ਕਿਸੇ ਵਿਰੋਧ ਤੋਂ ਡਰ ਲੱਗਣ ਲੱਗਦਾ ਹੈ ਤਾਂ ਤਰਕ ਦੀ ਥਾਂ ਹੁੱਲੜਬਾਜ਼ੀ ਜਾਂ ਗੁੰਡਾਗਰਦੀ ਲੈ ਲੈਂਦੀ ਹੈ।

10. ਧਨ ਉਧਾਰ ਦੇ ਕੇ ਸਮਾਜ ਦਾ ਸ਼ੋਸ਼ਣ ਕਰਨ ਵਾਲੇ ਧਨਪਤੀ ਨੂੰ ਜਿਸ ਦਿਨ 'ਮਹਾਜਨ' ਕਿਹਾ ਗਿਆ ਹੋਵੇਗਾ, ਉਸੇ ਦਿਨ ਹੀ ਮਨੁੱਖਤਾ ਦੀ ਹਾਰ ਹੋ ਗਈ।

11. ਅਸੀਂ ਮਾਨਸਿਕ ਤੌਰ ਤੇ ਦੋਗਲੇ ਨਹੀਂ ਤਿਗਲੇ ਹਾਂ। ਸੰਸਕਾਰਾਂ ਤੋਂ ਸਾਮੰਤਵਾਦੀ ਹਾਂ, ਜੀਵਨ-ਮੁੱਲ ਅਰਧ-ਪੂੰਜੀਵਾਦੀ ਹਨ ਅਤੇ ਗੱਲਾਂ ਸਮਾਜਵਾਦ ਦੀਆਂ ਕਰਦੇ ਹਾਂ।

12. ਫਾਸ਼ਿਸ਼ਟ ਸੰਗਠਨ ਦੀ ਵਿਸ਼ੇਸ਼ਤਾ ਹੁੰਦੀ ਹੈ ਕਿ ਦਿਮਾਗ਼ ਸਿਰਫ਼ ਨੇਤਾ ਕੋਲ ਹੁੰਦਾ ਹੈ, ਬਾਕੀ ਸਾਰੇ ਕਾਰਜਕਰਤਾਵਾਂ ਕੋਲ ਸਿਰਫ਼ ਸਰੀਰ ਹੁੰਦਾ ਹੈ।

13. ਬੇਇੱਜ਼ਤੀ ਵਿੱਚ ਜੇ ਦੂਜੇ ਨੂੰ ਵੀ ਸ਼ਾਮਲ ਕਰ ਲਓ ਤਾਂ ਅੱਧੀ ਇੱਜ਼ਤ ਬਚ ਜਾਂਦੀ ਹੈ।

14. ਦੁਨੀਆਂ ਵਿੱਚ ਭਾਸ਼ਾ, ਅਭਿਵਿਅਕਤੀ ਦੇ ਕੰਮ ਆਉਂਦੀ ਹੈ। ਇਸ ਦੇਸ਼ ਵਿੱਚ ਦੰਗਿਆਂ ਦੇ ਕੰਮ ਆਉਂਦੀ ਹੈ।

15. ਜਦੋਂ ਸ਼ਰਮ ਦੀ ਗੱਲ ਗੌਰਵ ਦੀ ਗੱਲ ਬਣ ਜਾਵੇ ਤਾਂ ਸਮਝੋ ਕਿ ਲੋਕਤੰਤਰ ਵਧੀਆ ਚੱਲ ਰਿਹਾ ਹੈ।

16. ਜੋ ਪਾਣੀ ਛਾਣ ਕੇ ਪੀਂਦੇ ਹਨ, ਉਹ ਆਦਮੀ ਦਾ ਖ਼ੂਨ ਬਿਨਾਂ ਛਾਣੇ ਹੀ ਪੀ ਜਾਂਦੇ ਹਨ।

17. ਸੋਚਣਾ ਇੱਕ ਰੋਗ ਹੈ। ਜੋ ਇਸ ਰੋਗ ਤੋਂ ਮੁਕਤ ਹਨ, ਸਿਹਤਮੰਦ ਹਨ, ਉਹ ਧੰਨ ਹਨ।

18. ਹੀਣਤਾ ਦੇ ਰੋਗ ਵਿੱਚ ਕਿਸੇ ਦੇ ਅਹਿਤ ਦਾ ਇੰਜੈਕਸ਼ਨ ਬੜਾ ਕਾਰਗਰ ਹੁੰਦਾ ਹੈ।

19. ਨਾਰੀ-ਮੁਕਤੀ ਦੇ ਇਤਿਹਾਸ ਵਿੱਚ ਇਹ ਵਾਕ ਅਮਰ ਰਹੇਗਾ ਕਿ "ਇੱਕ ਦੀ ਕਮਾਈ ਨਾਲ ਪੂਰਾ ਨਹੀਂ ਪੈਂਦਾ।"

20. ਇੱਕ ਵਾਰ ਕਚਹਿਰੀ ਚੜ੍ਹ ਜਾਣ ਪਿੱਛੋਂ ਸਭ ਤੋਂ ਵੱਡਾ ਕੰਮ ਹੈ, ਆਪਣੇ ਵਕੀਲ ਤੋਂ ਆਪਣੀ ਰੱਖਿਆ ਕਰਨੀ।

## ਮਜ਼ਦੂਰ ਏਕਤਾ/ ਕਵਿਤਾ



ਵਰਲਡ ਪੰਜਾਬੀ ਟਾਈਮਜ਼
ਮਹਿੰਦਰ ਸਿੰਘ ਮਾਨ

ਇਕ ਮਈ ਨੂੰ ਮਜ਼ਦੂਰਾਂ ਦੀ ਗੱਲ ਕਰਨ ਵਾਲੇ,

ਮੂੰਹਾਂ ਦੇ ਹੁੰਦੇ ਨੇ ਮਿੱਠੇ, ਦਿਲਾਂ ਦੇ ਹੁੰਦੇ ਨੇ ਕਾਲੇ।

ਉਹ ਮਜ਼ਦੂਰਾਂ ਤੋਂ ਅੱਠ ਘੰਟਿਆਂ ਤੋਂ ਵੱਧ ਕੰਮ ਲੈਂਦੇ ਨੇ,

ਸ਼ਾਮ ਨੂੰ ਮਜ਼ਦੂਰੀ ਦੇਣ ਵੇਲੇ ਰੋਣ ਲੱਗ ਪੈਂਦੇ ਨੇ।

ਦੁਪਹਿਰ ਦੀ ਰੋਟੀ ਖਾਣ ਲਈ ਵੀ ਸਮਾਂ ਨਾ ਦਿੰਦੇ ਨੇ,

ਉਂਝ ਉਹ ਖ਼ੁਦ ਨੂੰ ਉਨ੍ਹਾਂ ਦੇ ਹਮਦਰਦ ਕਹਿੰਦੇ ਨੇ।

ਉਹ ਕੰਮ ਕਰਦੇ ਪਸੀਨੋ ਪਸੀਨਾ ਹੋਈ ਜਾਣ,

ਫਿਰ ਵੀ ਉਨ੍ਹਾਂ ਨੂੰ ਵੇਖ ਉਹ ਮੱਥੇ ਵੱਟ ਪਾਈ ਜਾਣ।

ਉਨ੍ਹਾਂ ਦੇ ਕੀਤੇ ਕੰਮ ਦੀ ਉਹ ਸਿਫਤ ਨਾ ਕਰਦੇ ਨੇ,

ਉਹ ਉਨ੍ਹਾਂ ਨੂੰ ਆਪਣੇ ਗੁਲਾਮ ਹੀ ਸਮਝਦੇ ਨੇ।

ਜੇ ਕੰਮ ਕਰਕੇ ਵੀ ਉਨ੍ਹਾਂ ਨੂੰ ਮਿਲਣੀ ਨਹੀਂ ਰੋਟੀ,

ਤਾਂ ਫਿਰ ਅੱਕ ਕੇ ਉਨ੍ਹਾਂ ਨੂੰ ਚੁੱਕਣੀ ਪੈਣੀ ਏਂ ਸੋਟੀ।

ਮਜ਼ਦੂਰ ਏਕਤਾ ਹੀ ਉਨ੍ਹਾਂ ਦੇ ਦੁੱਖਾਂ ਦਾ ਹੱਲ ਹੈ,

ਇਸ ਤੋਂ ਬਗੈਰ 'ਮਾਨ' ਧੁੰਦਲਾ ਉਨ੍ਹਾਂ ਦਾ ਕੱਲ੍ਹ ਹੈ।

# ਝੋਨੇ ਦੀ ਪੀ.ਆਰ 126 ਅਤੇ ਪੀ.ਆਰ 131 ਹੇਠ ਵਧਾਇਆ ਜਾਵੇ ਵੱਧ ਤੋਂ ਵੱਧ ਰਕਬਾ : ਮੁੱਖ ਖੇਤੀਬਾੜੀ ਅਫ਼ਸਰ

ਗੁਰਪ੍ਰੀਤ ਚਹਿਲ




ਬਠਿੰਡਾ, 6 ਮਈ : ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਝੋਨੇ ਦੀਪੀ.ਆਰ 126 ਅਤੇ ਪੀ.ਆਰ 131 ਦੀ ਫ਼ਸਲ ਨੂੰ ਵਡਾਵਾ ਦੇਣ ਲਈ ਚਲਾਈ ਜਾ ਰਹੀ ਮੁਹਿੰਮ ਦੇ ਸਾਰਥਿਕ ਨਤੀਜੇ ਆਉਣੇ ਸ਼ੁਰੂ ਹੋ ਗਏ ਹਨ। ਇਹ ਜਾਣਕਾਰੀ ਮੁੱਖ ਖੇਤੀਬਾੜੀ ਅਫਸਰ ਡਾ. ਕਰਨਜੀਤ ਸਿੰਘ ਗਿੱਲ ਨੇ ਦਿੱਤੀ। ਡਾ. ਕਰਨਜੀਤ ਸਿੰਘ ਗਿੱਲ ਨੇ ਅੱਗੇ ਦੱਸਿਆ ਕਿ ਝੋਨੇ ਦੀ ਖੇਤੀ ਵਿੱਚ ਖਪਤ ਹੁੰਦੇ ਵਧੇਰੇ ਪਾਣੀ ਅਤੇ ਪ੍ਰਦੂਸ਼ਣ ਨਾਲ ਪੈਦਾ ਹੁੰਦੀਆਂ ਸਮੱਸਿਆਵਾਂ ਤੋਂ ਚਿੰਤਤ ਕਿਸਾਨਾਂ ਵੱਲੋਂ ਇਸ ਵਾਰ ਝੋਨੇ ਦੀ ਪਕਾਈ ਵਿੱਚ ਲੰਮਾ ਸਮਾਂ ਲੈਣ ਵਾਲੀਆਂ ਕਿਸਮਾਂ ਜਿਵੇਂ ਕਿ ਪੂਸਾ 44 ਅਤੇ ਪੀਲੀ ਪੂਸਾ ਨੂੰ ਤਿਆਗ ਕੇ ਪੱਕਣ ਵਿੱਚ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਪੀ.ਆਰ 131 ਪੀ.ਆਰ 126 ਕਿਸਮ ਬਾਸਮਤੀ ਦੀਆਂ ਕਿਸਮਾਂ ਦੀ ਕਾਸ਼ਤ ਵੱਲ ਜ਼ਿਆਦਾ ਰੁਝਾਨ ਦੇਖਣ ਨੂੰ ਮਿਲ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਝੋਨੇ ਦੀ ਪੀ.ਆਰ 126 ਅਜਿਹੀ ਕਿਸਮ ਹੈ ਜੋ ਜ਼ਮੀਨ ਹੇਠਲੇ ਪਾਣੀ ਦੇ ਪੱਧਰ ਨੂੰ ਹੋਰ ਨੀਵਾਂ ਜਾਣ ਅਤੇ ਪਰਾਲੀ ਦੇ ਸੁਚੱਜੇ ਪ੍ਰਬੰਧਨ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਇਸ ਕਿਸਮ ਬਾਰੇ ਵੱਖ-ਵੱਖ ਕਿਸਾਨਾਂ ਦੇ ਵਿਚਾਰ ਲਏ ਗਏ ਜਿਸ ਤੋਂ ਇਹ ਗੱਲ ਸਾਹਮਣੇ ਆਈ ਕਿ ਸੈਲਰ ਜਥੇਬੰਦੀਆਂ ਦੇ ਗੁੰਮਰਾਹਕੁੰਨ ਪ੍ਰਚਾਰ ਦੇ ਬਾਵਜੂਦ ਕਿਸਾਨਾਂ ਵੱਲੋਂ ਪੀ.ਆਰ 126 ਅਤੇ ਪੀ.ਆਰ 131 ਹੇਠ ਰਕਬਾ ਵਧਾਉਣ ਲਈ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

ਜ਼ਿਲ੍ਹਾ ਬਠਿੰਡਾ ਦੇ ਪਿੰਡ ਭਗਤਾ ਦੇ ਕਿਸਾਨ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਉਸ ਵੱਲੋਂ ਪਿਛਲੇ 5 ਸਾਲਾਂ ਤੋਂ ਪੀ.ਆਰ 126 ਦੀ ਕਾਸ਼ਤ 10 ਏਕੜ ਰਕਬੇ ਵਿੱਚ ਕੀਤੀ ਜਾ ਰਹੀ ਹੈ ਅਤੇ ਪ੍ਰਤੀ ਏਕੜ ਪੈਦਾਵਾਰ 28 ਤੋਂ 30 ਕੁਇੰਟਲ ਮਿਲ ਜਾਂਦੀ ਹੈ ਅਤੇ ਖਰਚਾ ਬਹੁਤ ਘੱਟ ਹੁੰਦਾ ਹੈ ਜਦਕਿ ਪਹਿਲਾਂ ਪੱਕਣ ਵਿੱਚ ਲੰਮਾ ਸਮਾਂ ਲੈਣ ਵਾਲੀਆਂ ਕਿਸਮਾਂ ਦੇਰ ਨਾਲ ਪੱਕਦੀਆਂ ਸਨ ਅਤੇ ਖਰਚਾ ਵੀ ਜ਼ਿਆਦਾ ਆਉਂਦਾ ਹੈ।

ਬਠਿੰਡਾ ਬਲਾਕ ਦੇ ਕਿਸਾਨ ਗੁਰਰਾਜ ਸਿੰਘ ਨੇ ਦੱਸਿਆ ਕਿ ਪੀ.ਆਰ 126 ਕਿਸਮ ਪੰਜਾਬ ਦੀ ਇੱਕੋ-ਇੱਕ ਅਜਿਹੀ ਕਿਸਮ ਹੈ ਜੋ ਜ਼ਮੀਨ ਹੇਠਲੇ ਪਾਣੀ ਦੇ ਪੱਧਰ ਨੂੰ ਹੋਰ ਨੀਵਾਂ ਜਾਣ ਤੋਂ ਰੋਕਣ ਅਤੇ ਪਰਾਲੀ ਦੇ ਸੁਚੱਜੇ ਪ੍ਰਬੰਧਨ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਉਨ੍ਹਾਂ ਕਿਹਾ ਕਿ ਝੋਨੇ ਦੀ ਪੀ.ਆਰ 126 ਕਿਸਮ ਦੀ ਉਚਾਈ ਘੱਟ ਹੋਣ ਕਾਰਨ ਪਰਾਲੀ ਘੱਟ ਬਣਦੀ ਹੈ, ਜਿਸ ਕਾਰਨ ਸਰਫੇਸ ਸੀਡਰ, ਸੁਪਰ ਸੀਡਰ, ਹੈਪੀ ਸੀਡਰ ਜਾਂ ਸਮਾਰਟ ਸੀਡਰ ਨਾਲ ਝੋਨੇ ਦੀ ਪਰਾਲੀ ਨੂੰ ਸਾੜੇ ਜਾਂ ਖੇਤ ਵਿੱਚੋਂ ਬਾਹਰ ਕੱਢੇ ਬਗੈਰ ਕਣਕ ਦੀ ਬਿਜਾਈ ਕੀਤੀ ਜਾ ਸਕਦੀ ਹੈ।

ਬਲਾਕ ਸੰਗਤ ਦੇ ਪਿੰਡ ਘੁੱਦਾ ਦੇ ਕਿਸਾਨ ਹਰਮੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਝੋਨੇ ਦੀ ਪੀ.ਆਰ 126 ਕਿਸਮ ਲੁਆਈ ਤੋਂ ਬਾਅਦ 93 ਦਿਨਾਂ ਵਿੱਚ ਪੱਕ ਕੇ ਤਿਆਰ ਹੋ ਜਾਂਦੀ ਹੈ। ਜਿਸ ਕਾਰਨ ਜ਼ਮੀਨ ਹੇਠਲੇ ਪਾਣੀ ਦੀ ਬੱਚਤ ਬਹੁਤ ਹੁੰਦੀ ਹੈ। ਇਹ ਝੋਨਾ ਜੂਨ ਦੇ ਅਖੀਰ ਜਾਂ ਜੁਲਾਈ ਦੇ ਪਹਿਲੇ ਪੰਦਰਵਾੜੇ ਦੌਰਾਨ ਲਵਾਈ ਕਾਰਨ ਉਸ ਸਮੇਂ ਬਰਸਾਤਾਂ ਵੀ ਸ਼ੁਰੂ ਹੋ ਜਾਂਦੀਆਂ ਹਨ। ਇਸੇ ਤਰ੍ਹਾਂ ਪਿੰਡ ਬੱਜੋਆਣਾ ਦੇ ਕਿਸਾਨ ਜਗਜੀਤ ਸਿੰਘ ਨੇ ਕਿਹਾ ਕਿ ਲਵਾਈ ਸਮੇਂ ਪੀ.ਆਰ 126 ਕਿਸਮ ਦੀ ਪਨੀਰੀ ਦੀ ਉਮਰ 25 ਤੋਂ 30 ਦਿਨ ਤੋਂ ਵੱਧ ਨਹੀਂ ਹੋਣੀ ਚਾਹੀਦੀ ਅਤੇ ਪਨੀਰੀ ਦੀ ਬਿਜਾਈ ਇੱਕੋ ਸਮੇਂ ਨਹੀਂ ਕਰਨੀ ਚਾਹੀਦੀ।

ਡਾ. ਕਰਮਜੀਤ ਸਿੰਘ ਗਿੱਲ ਨੇ ਕਿਸਾਨ ਵੀਰਾਂ ਨੂੰ ਅਪੀਲ ਕੀਤੀ ਕਿ ਝੋਨੇ ਦੀ ਪੀ.ਆਰ 126 ਅਤੇ ਪੀ.ਆਰ 131 ਖਿਲਾਫ਼ ਹੋ ਰਹੇ ਕਿਸੇ ਵੀ ਕਿਸਮ ਦੇ ਗੁੰਮਰਾਹਕੁੰਨ ਪ੍ਰਚਾਰ ਤੇ ਭਰੋਸਾ ਨਾ ਕੀਤਾ ਜਾਵੇ ਅਤੇ ਇਸ ਕਿਸਮ ਹੇਠ ਵੱਧ ਤੋਂ ਵੱਧ ਰਕਬਾ ਬੀਜਿਆ ਜਾਵੇ। ਝੋਨੇ ਦੀਆਂ ਇਹ ਕਿਸਮਾਂ ਲੰਮੇ ਸਮੇਂ ਵਿੱਚ ਪੱਕਣ ਵਾਲੀਆਂ ਕਿਸਮਾਂ ਦੀ ਬਜਾਏ ਘੱਟ ਸਮੇਂ ਵਿੱਚ ਪੱਕਣ ਵਾਲੀਆਂ ਕਿਸਮਾਂ ਹਨ ਅਤੇ ਇਨ੍ਹਾਂ ਕਿਸਮਾਂ ਵਿੱਚ ਕਿਸਾਨਾਂ ਦਾ ਰੁਝਾਣ ਵਧਿਆ ਹੈ ਜੋ ਕਿ ਪੰਜਾਬ ਦੇ ਭਵਿੱਖ ਦੀ ਖੇਤੀ ਲਈ ਸ਼ੁਭ ਸੰਕੇਤ ਹੈ।

# ਪੁਸਤਕ "ਜੀਵਨ ਦਰਿਆ" ਵਿੱਚ ਤਿੰਨ ਮੁੱਖ ਪੱਖ ਉਭਰਦੇ ਹਨ:- ਹੇਰਵਾ, ਸੰਘਰਸ਼ ਅਤੇ ਪਰਵਾਸ-ਡਾ. ਸਵਰਾਜ ਸਿੰਘ

## ਸੰਘਰਸ਼ਸ਼ੀਲ ਸਾਹਿਤਕਾਰ ਸਮਾਜ ਵਿੱਚ ਉੱਚਾ ਰੁਤਬਾ ਹਾਸਲ ਕਰਨ ਵਿੱਚ ਕਾਮਯਾਬ ਹੋਇਆ।

ਗੁਰਨਾਮ ਸਿੰਘ

ਸੰਗਰੂਰ 6 ਮਈ : ਸ਼ਹੀਦਾ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪੰਜਾਬੀ ਸਾਹਿਤ ਸੰਗਰੂਰ ਵੱਲੋਂ ਅਨੋਖ ਸਿੰਘ ਵਿਰਕ ਦੀ ਪੁਸਤਕ "ਜੀਵਨ ਦਰਿਆ" ਦਾ ਲੋਕ ਅਰਪਣ ਤੇ ਵਿਚਾਰ ਚਰਚਾ ਅਤੇ ਸਨਮਾਨ ਸਮਾਰੋਹ ਦਾ ਆਯੋਜਨ ਨਿਊ ਪੰਜਾਬੀ ਵਿਰਸਾ ਰੈਸਟੋਰੈਟ ਸੰਗਰੂਰ ਵਿਖੇ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਡਾ. ਨਰਵਿੰਦਰ ਸਿੰਘ ਕੌਸ਼ਲ ਨੇ ਕੀਤੀ, ਮੁੱਖ ਮਹਿਮਾਨ ਕਰਨਲ ਦਇਆ ਸਿੰਘ ਸਨ। ਡਾ. ਸਵਰਾਜ ਸਿੰਘ ਵਿਸ਼ਵ ਚਿੰਤਕ ਨੇ ਉਦਘਾਟਨੀ ਸ਼ਬਦ ਕਹੇ। ਡਾ. ਤੇਜਵੰਤ ਮਾਨ ਸਾਹਿਤ ਰਤਨ ਇਸ ਸਮਾਗਮ ਦੀ ਮੁੱਖ ਵਕਤਾ ਸਨ। ਇਨ੍ਹਾਂ ਨਾਲ ਪ੍ਰਧਾਨਗੀ ਮੰਡਲ ਵਿੱਚ ਬਹਾਦਰ ਸਿੰਘ ਰਾਓ ਸਾਬਕਾ ਡੀ.ਐਸ.ਪੀ., ਡਾ. ਚੂਹੜ ਸਿੰਘ, ਪਵਨ ਹਰਚੰਦਪੁਰੀ, ਡਾ. ਰਾਕੇਸ਼ ਸ਼ਰਮਾ, ਕੈਪਟਨ ਮਹਿੰਦਰ ਸਿੰਘ, ਅਨੋਖ ਸਿੰਘ ਵਿਰਕ, ਅਤੇ ਡਾ. ਭਗਵੰਤ ਸਿੰਘ ਸ਼ਾਮਲ ਹੋਏ। ਡਾ. ਜਗਦੀਪ ਕੌਰ ਅਹੂਜਾ ਤੇ ਜੋਗਿੰਦਰ ਕੌਰ ਅਗਨੀਹੋਤਰੀ ਨੇ ਪੁਸਤਕ ਉੱਪਰ ਪੇਪਰ ਪੜ੍ਹੇ। ਏ.ਪੀ.



ਸਿੰਘ ਦੇ ਸ਼ਬਦ ਗਾਇਨ ਨਾਲ ਆਰੰਭ ਹੋਏ ਸਮਾਗਮ ਵਿੱਚ ਡਾ. ਸਵਰਾਜ ਸਿੰਘ ਨੇ ਉਦਘਾਟਨ ਸ਼ਬਦ ਕਹਿੰਦੇ ਹੋਏ ਇਹ ਪੱਖ ਵਾਰਿਆ ਪੁਸਤਕ ਵਿੱਚ ਤਿੰਨ ਮੁੱਖ ਪੱਖ ਉਭਰਦੇ ਹਨ:- ਹੇਰਵਾ, ਸੰਘਰਸ਼ ਅਤੇ ਪਰਵਾਸ। ਹੇਰਵਾਂ ਜਾਂ ਪੁਰਾਣੀਆਂ ਯਾਦਾਂ ਲੇਖਕ ਦੇ ਬਚਪਨ, ਜਵਾਨੀ ਅਤੇ ਪੌੜ ਅਵਸਥਾ ਦੇ ਪੰਜਾਬ ਦਾ ਚਿੱਤਰ ਪੇਸ਼ ਕਰਦੀਆਂ ਹਨ। ਅਜੋਕੇ ਪੰਜਾਬ ਦੀ ਤੁਲਨਾ ਵਿੱਚ ਉਹ ਪੰਜਾਬ ਸਾਨੂੰ ਸਮਾਜਿਕ ਅਤੇ ਸਭਿਆਚਾਰਿਕ ਤੌਰ ਤੇ ਜ਼ਿਆਦਾ ਸਥਿਰ ਨਜ਼ਰ ਆਉਂਦਾ ਹੈ ਜਿਸ ਵਿੱਚ ਖਾਮੀਆਂ ਦੇ ਬਾਵਜੂਦ ਸਾਡਾ ਪਰਿਵਾਰਿਕ ਅਤੇ ਸਮਾਜਿਕ ਢਾਂਚਾ ਕਾਇਮ ਹੈ, ਇਸੇ ਤਰ੍ਹਾਂ ਸਮਾਜਿਕ ਅਤੇ ਰਾਜਨੀਤਿਕ ਭ੍ਰਿਸ਼ਟਾਚਾਰ ਦੇ ਬਾਵਜੂਦ ਸਾਡੀ ਨੈਤਿਕਤਾ ਅਤੇ ਕਦਰਾਂ-ਕੀਮਤਾਂ ਵੀ ਸਮੁੱਚੇ ਤੌਰ ਤੇ ਸਥਿਰ ਨਜ਼ਰ ਆਉਂਦੀਆਂ ਹਨ। ਲੇਖਕ ਗਰੀਬੀ ਤੋਂ ਉੱਠ ਕੇ ਵੀ ਸੰਘਰਸ਼ ਕਰਕੇ ਸਮਾਜ ਵਿੱਚ ਸਤਿਕਾਰਿਤ ਸਥਾਨ ਹਾਸਲ ਕਰਨ ਵਿੱਚ ਕਾਮਯਾਬ ਹੁੰਦਾ ਹੈ। ਇਸ ਦੇ ਉਲਟ ਅੱਜ ਬਹੁਤ ਸਾਰੇ ਪੰਜਾਬੀ ਸੰਘਰਸ਼ ਦਾ ਰਾਹ ਤਿਆਗ ਕੇ ਪੁਰਖਿਆਂ ਦੀਆਂ ਜ਼ਮੀਨਾਂ ਜਾਇਦਾਦਾਂ ਵੇਚ ਕੇ ਪਰਵਾਸ ਕਰਕੇ ਉਹ ਕੰਮ ਕਰ ਰਹੇ ਹਨ ਜੋ ਉੱਥੋਂ ਦੀ ਸਥਾਨਿਕ ਵੱਸੋਂ ਕਰਨਾ ਨਹੀਂ ਚਾਹੁੰਦੀ ਭਾਵੇਂ ਕਿ ਐਕਸਚੇਂਜ਼ ਰੇਟ ਕਾਰਨ ਉਹ ਚੰਗੇ ਪੈਸੇ ਵੀ ਬਣਾ ਸਕਦੇ ਹਨ ਪ੍ਰੰਤੂ ਉਨ੍ਹਾਂ ਕੰਮਾਂ ਕਾਰਨ ਉਨ੍ਹਾਂ ਦਾ ਸਮਾਜਿਕ ਦਰਜ਼ਾ ਉਨ੍ਹਾਂ ਨੂੰ ਹੇਠਲੀ ਸ਼੍ਰੇਣੀ ਜਾਂ ਅੰਡਰ ਕਲਾਸ ਬਣਨ ਵੱਲ ਲੈ ਜਾਂਦਾ ਹੈ। ਲੇਖਕ ਪਰਵਾਸ ਤੋਂ ਉਪਜੀ ਇਕਲਾਪੇ ਅਤੇ ਪਰਿਵਾਰਿਕ ਬਿਖੇਰ ਦੀ ਸੱਮਸਿਆ ਨੂੰ ਖੂਬਸੂਰਤੀ ਨਾਲ ਸਾਡੇ ਸਾਹਮਣੇ ਲਿਆਉਂਦਾ ਹੈ। ਇਹ ਅਲਾਮਤਾਂ ਪੰਜਾਬੀਆਂ ਨੂੰ ਡੀਪਰੈਸ਼ਨ ਵੱਲ ਧੱਕ ਰਹੀਆਂ ਹਨ। ਪਰਵਾਸ ਨੂੰ ਪ੍ਰੋਤਸਾਹਿਤ ਕਰਨ ਲਈ ਜੋ ਝੂਠਾ ਬਿਰਤਾਂਤ ਸਿਰਜਿਆ ਜਾ ਰਿਹਾ ਹੈ ਕਿ ਪੰਜਾਬ ਨਰਕ ਹੈ ਅਤੇ ਸਵਰਗ ਵਿਦੇਸ਼ਾਂ ਵਿੱਚ ਹੈ, ਸੱਚਾਈ ਦੀ ਕਸੌਟੀ ਤੇ ਪੂਰਾ ਨਹੀਂ ਉਭਰਦਾ ਕਿਉਂਕਿ ਸਵਰਗ ਜਾਂ ਨਰਕ ਕੋਈ ਜਗ੍ਹਾ ਨਹੀਂ ਸਗੋਂ ਮਨ ਦੀਆਂ ਅਵਸਥਾਵਾਂ ਹੁੰਦੀਆਂ ਹਨ। ਜ਼ਾਹਿਰ ਹੈ ਕਿ ਜਿੱਥੇ ਚੜ੍ਹਦੀਕਲਾ ਸਵਰਗ ਦੀ ਪ੍ਰਤੀਕ ਹੈ ਉੱਥੇ ਡੀਪਰੈਸ਼ਨ ਨਾਲ ਜਿਉਣਾ ਨਰਕ ਹੰਢਾਉਣ ਦੇ ਬਰਾਬਰ ਹੈ। ਅੰਕੜੇ ਇਹ ਵੀ ਦਰਸ਼ਾ ਰਹੇ ਹਨ ਕਿ ਵਿਦੇਸ਼ਾਂ ਅਤੇ ਖਾਸ ਕਰਕੇ ਕਨੇਡਾ ਵਿੱਚ ਜਿੱਥੇ ਕਿ ਸਭ ਤੋਂ ਵੱਧ ਪੰਜਾਬੀ ਪਰਵਾਸ ਕਰ ਰਹੇ ਹਨ ਡੀਪਰੈਸ਼ਨ ਪੰਜਾਬ ਨਾਲੋਂ ਕਈ ਗੁਣਾ ਜ਼ਿਆਦਾ ਹੈ। ਭਾਰਤ ਵਿੱਚ ਲਗਭਗ 10% ਲੋਕ ਡੀਪਰੈਸ਼ਨ ਤੋਂ ਪੀੜ੍ਹਤ ਹਨ। ਪੰਜਾਬ ਵਿੱਚ ਇਹ ਗਿਣਤੀ ਲਗਭਗ 13% ਹੈ ਜਦੋਂ ਕਿ ਕਨੇਡਾ ਦੇ ਹਰ ਤਿੰਨ ਪੰਜਾਬੀਆਂ ਵਿੱਚੋਂ ਇੱਕ ਡੀਪਰੈਸ਼ਨ ਤੋਂ ਪੀੜ੍ਹਤ ਹੈ। ਜ਼ਾਹਿਰ ਹੈ ਕਿ ਇਹ ਪੰਜਾਬ ਨਾਲੋਂ ਤਿੰਨ ਗੁਣਾਂ ਜ਼ਿਆਦਾ ਹੈ। ਮੁੱਖ ਵਕਤਾ ਡਾ. ਤੇਜਵੰਤ ਸਿੰਘ ਮਾਨ ਨੇ ਅਨੋਖ ਸਿੰਘ ਵਿਰਕ ਦੀ ਪੁਸਤਕ ਬਾਰੇ ਗੱਲ ਕਰਦੇ ਹੋਏ ਡਾ. ਸਵਰਾਜ ਸਿੰਘ ਦੀਆਂ ਧਾਂਰਨਾਵਾਂ ਦੀ ਪੁਸ਼ਟੀ ਕੀਤੀ। ਉਨ੍ਹਾਂ ਨੇ ਕਿਹਾ ਕਿ ਜੀਵਨ ਦਰਿਆ ਪੁਸਤਕ ਪੰਜਾਬੀ ਦੀ ਇੱਕ ਦਸਤਾਵੇਜੀ ਪੁਸਤਕ ਹੈ, ਜਿਸ ਦੇ ਵਿਸ਼ੇ ਅਤੇ ਰੂਪ ਪੱਖ ਦੀ ਵਿਲੱਖਣਤਾ ਇਸ ਨੂੰ ਗੌਰਵ ਪ੍ਰਦਾਨ ਕਰਦੀ ਹੈ। ਲੇਖਕ ਨੇ ਪੂਰੀ ਇਮਾਨਦਾਰੀ ਨਾਲ ਆਪਣੇ ਸੰਸਮਰਣ ਪ੍ਰਸਤੁੱਤ ਕੀਤੇ ਹਨ। ਇਹ ਪੰਜਾਬੀਆਂ ਨੂੰ ਸੰਘਰਸ਼ਸ਼ੀਲ ਹੋਣ ਲਈ ਪ੍ਰੇਰਿਤ ਕਰਦੀ ਹੈ। ਡਾ. ਜਗਦੀਪ ਕੌਰ ਅਤੇ ਜੋਗਿੰਦਰ ਕੌਰ ਅਗਨੀਹੋਤਰੀ ਨੇ ਆਪਣੇ ਪਰਚਿਆਂ ਵਿੱਚ ਪੁਸਤਕ ਦੇ ਸਿਧਾਂਤਕ ਅਤੇ ਸੁਹਜਾਤਮਕ ਪਹਿਲੂਆਂ ਨੂੰ ਬਹੁਤ ਸਰਲ ਅਤੇ ਸਪਸ਼ਟ ਭਾਸ਼ਾ ਵਿੱਚ ਅਗਰਮਭੂਮਿਤ ਕੀਤਾ।

ਵਿਚਾਰ ਚਰਚਾ ਵਿੱਚ ਡਾ. ਚੂਹੜ ਸਿੰਘ, ਪ੍ਰੋ. ਮੀਤ ਖਟੜਾ, ਮੋਹੀ ਅਮਰਜੀਤ ਸਿੰਘ, ਐਚ. ਮੋਹਿੰਦਰ ਸਿੰਘ, ਕੈਪਟਨ ਚਮਕੌਰ ਸਿੰਘ, ਦਲਬਾਰ ਸਿੰਘ ਚੱਠੇ ਸੇਖਵਾਂ, ਸ. ਸ. ਫੁੱਲ, ਦਰਸ਼ਨ ਸਿੰਘ ਪ੍ਰੀਤੀਮਰਨ, ਨਿਹਾਲ ਸਿੰਘ ਮਾਨ, ਪਵਨ ਹਰਚੰਦਪੁਰੀ, ਡਾ. ਚੂਹੜ ਸਿੰਘ, ਡਾ. ਨਰਵਿੰਦਰ ਸਿੰਘ ਕੌਸ਼ਲ, ਡਾ. ਇਕਬਾਲ ਸਿੰਘ ਸਕਰੌਦੀ, ਰਾਕੇਸ਼ ਸ਼ਰਮਾ, ਡਾ. ਭਗਵੰਤ ਸਿੰਘ ਜਗਦੀਪ ਸਿੰਘ ਗੰਧਾਰਾ, ਸੁਖਦੇਵ ਸਿੰਘ ਢਿਲੋਂ, ਬਹਾਦਰ ਸਿੰਘ ਡੀ.ਐਸ.ਪੀ. ਕਰਨਲ ਦਇਆ ਸਿੰਘ, ਕੁਲਵੰਤ ਕਸਕ ਨੇ ਭਾਗ ਲੈ ਕੇ ਪੁਸਤਕ ਦੇ ਵਿਸ਼ੇ ਅਤੇ ਰੂਪ ਪੱਖ ਬਾਰੇ ਬਹੁਤ ਉਸਾਰੂ ਸੰਵਾਦ ਰਚਾਇਆ। ਕੈਪਟਨ ਚਮਕੌਰ ਸਿੰਘ ਚਹਿਲ ਦਾ ਸਨਮਾਨ ਕੀਤਾ ਗਿਆ।

ਇਸ ਅਵਸਰ ਤੇ ਹੋਏ ਕਵੀ ਦਰਬਾਰ ਵਿੱਚ ਜਗਮੇਲ ਸਿੱਧੂ, ਜੀਤ ਹਰਜੀਤ, ਧਰਮੀ ਤੁੰਗਾਂ, ਗੁਰਨਾਮ ਸਿੰਘ, ਬਲਜਿੰਦਰ ਸਿੰਘ ਈਲਵਾਲ, ਸੁਰਿੰਦਰ ਪਾਲ ਸਿੰਘ ਸਿਦਕੀ, ਨਿਰਮਲਾ ਗਰਗ, ਗੁਲਜ਼ਾਰ ਸ਼ੌਕੀ, ਜੰਗੀਰ ਸਿੰਘ ਰਤਨ, ਸੁਖਦੇਵ ਸਿੰਘ ਔਲਖ, ਭੋਲਾ ਸਿੰਘ ਸੰਗਰਾਮੀ, ਨਾਹਰ ਸਿੰਘ ਮੁਬਾਰਕਪੁਰੀ, ਹਰਜੀਤ ਕਾਤਿਲ ਸ਼ੇਰਪੁਰ, ਅਮਰ ਗਰਗ ਕਲਮਦਾਨ, ਸੁਰਿੰਦਰ ਨਾਗਰਾ, ਮੀਤ ਸਕਰੌਦੀ, ਸਰਬਜੀਤ ਸੰਗਰੂਰਵੀ, ਏ.ਪੀ. ਸਿੰਘ ਨੇ ਆਪਣੀਆਂ ਰਚਨਾਵਾਂ ਸੁਣਾ ਕੇ ਸਮਾਂ ਬੰਨ੍ਹਿਆ। ਇਸ ਪ੍ਰਭਾਵਸ਼ਾਲੀ ਸਮਾਗਮ ਵਿੱਚ ਪੰਜਾਬ, ਹਰਿਆਣਾ, ਚੰਡੀਗੜ੍ਹ ਦੇ ਵਿਭਿੰਨ ਕੋਨਿਆ ਤੋਂ ਉਤਕ੍ਰਿਸ਼ਟ ਵਿਦਵਾਨ, ਸਾਹਿਤਕਾਰ, ਸਮਾਜਸੇਵੀ, ਪੰਚ, ਸਰਪੰਚ, ਚਿੱਤਰਕਾਰ, ਫਨਕਾਰ, ਰੰਗਕਰਮੀ ਅਤੇ ਭਾਰਤੀ ਫੌਜ਼ ਤੇ ਕੁਝ ਪੁਲਿਸ ਦੇ ਉੱਚ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਆਪਣੀ ਹਾਜ਼ਰੀ ਲਗਵਾਈ ਜਿਨ੍ਹਾਂ ਵਿੱਚ ਜਗਦੇਵ ਸਿੰਘ ਧਰਮ ਫੌਜ਼ੀ, ਬਾਬਾ ਪਿਆਰਾ ਸਿੰਘ, ਕੈਪਟਨ ਹਰਕੇਸ਼ ਸਿੰਘ, ਸੁਰਜੀਤ ਸਿੰਘ, ਦੇਵ ਸਿੰਘ ਘਾਬਦਾਂ, ਜਗਤਾਰ ਸਿੰਘ ਟਿਵਾਣਾ, ਪ੍ਰਿੰ. ਪ੍ਰੇਮ ਲਤਾ ਗਰਗ, ਰਣਜੀਤ ਸਿੰਘ ਮਾਨਸਾ, ਐਚ. ਮੋਹਿੰਦਰ ਸਿੰਘ ਚਿਤਰਕਾਰ, ਪ੍ਰਮਿੰਦਰ ਪੰਮੀ, ਡਾ. ਦਵਿੰਦਰ ਕੌਰ ਐਡਵੋਕੇਟ, ਸੁਮੀਰ ਫੱਤਾ ਐਡਵੋਕੇਟ, ਗੁਰਮਿੰਦਰ ਸਿੰਘ, ਕੈਪਟਨ ਸੁਖਬੀਰ ਸਿੰਘ, ਸੰਦੀਪ ਸਿੰਘ ਮੰਡੇਰ, ਅਮਿਤ ਪ੍ਰਦੀਪ ਸਿੰਘ ਵਿਰਕ, ਰਣਧੀਰ ਸਿੰਘ ਫੱਗੂਵਾਲਾ, ਲਖਵਿੰਦਰ ਪਾਲ ਸਿੰਘ ਗਰਗ, ਭਵਾਨੀਗੜ੍ਹ, ਭੀਮ ਸਿੰਘ ਆਦਿ ਦੇ ਨਾਂ ਜ਼ਿਕਰਯੋਗ ਹਨ। ਇਸ ਸਮਾਗਮ ਵਿੱਚ ਬਠਿੰਡਾ, ਜਗਰਾਓ, ਬਰਨਾਲਾ, ਧੂਰੀ, ਸ਼ੇਰਪੁਰ, ਪਟਿਆਲਾ, ਮਾਲੇਰਕੋਟਲਾ ਦੀਆਂ ਸਾਹਿਤ ਸਭਾਵਾਂ ਦੇ ਅਹੁਦੇਦਾਰ ਹੁੰਮ ਹੁਮਾ ਕੇ ਸ਼ਾਮਲ ਹੋਏ। ਅਨੋਖ ਸਿੰਘ ਵਿਰਕ ਨੇ ਇਸ ਵਿਚਾਰ ਚਰਚਾ ਤੋਂ ਪ੍ਰਭਾਵਿਤ ਹੋ ਕੇ ਕਿਹਾ ਕਿ ਉਹ ਭਵਿੱਖ ਵਿੱਚ ਹੋਰ ਵੀ ਵਧੀਆ ਸਿਰਜਨਾ ਕਰੇਗਾ। ਡਾ. ਨਰਵਿੰਦਰ ਸਿੰਘ ਕੌਸ਼ਲ ਨੇ ਪ੍ਰਧਾਨਗੀ ਭਾਸ਼ਣ ਦਿੰਦੇ ਹੋਏ ਲੇਖਕ ਦੀ ਪੁਸਤਕ ਅਤੇ ਸਮਾਗਮ ਦੀ ਸ਼ਲਾਘਾ ਕੀਤੀ। ਜਗਦੀਪ ਸਿੰਘ ਗੰਧਾਰਾ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਡਾ. ਭਗਵੰਤ ਸਿੰਘ ਨੇ ਆਰੰਭ ਵਿੱਚ ਸਵਾਗਤ ਕਰਦੇ ਹੋਏ ਪੁਸਤਕ ਅਤੇ ਸਾਹਿਤ ਸਭਾ ਦੇ ਕਾਰਜਾ ਬਾਰੇ ਵੀ ਦੱਸਿਆ। ਗੁਰਨਾਮ ਸਿੰਘ ਨੇ ਬਹੁਤ ਵਧੀਆ ਮੰਚ ਸੰਚਾਲਨ ਕੀਤਾ। ਇਹ ਸਮਾਗਮ ਬਹੁਤ ਯਾਦਾਂ ਛੱਡ ਗਿਆ।

# ਜਨਤਕ ਜਮਹੂਰੀ ਜਥੇਬੰਦੀਆਂ ਵਲੋਂ ਮੋਦੀ ਦੇ ਫਿਰਕੂ ਬਿਆਨਾਂ ਅਤੇ ਭਾਜਪਾ ਦੇ ਫਾਸੀਵਾਦੀ ਏਜੰਡੇ ਖਿਲਾਫ ਅਤੇ ਸਮਾਜਿਕ ਸਦਭਾਵਨਾ ਲਈ ਕੀਤਾ ਗਿਆ ਰੋਸ਼ ਮੁਜਾਹਰਾ,

ਜੁਝਾਰ ਸਿੰਘ ਲੌਂਗੋਵਾਲ



ਸੰਗਰੂਰ 6 ਮਈ : ਸੰਗਰੂਰ ਦੀਆਂ ਜਨਤਕ ਜਮਹੂਰੀ, ਲੋਕ ਪੱਖੀ ਜਥੇਬੰਦਆਿਵੱਲੋਂ ਮੁਲਕ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਆਗੂਆਂ ਦੀਆਂ ਦੇਸ਼ ਨੂੰ ਧਰਮ ਦੇ ਅਧਾਰ ਤੇ ਫਿਰਕੂ ਵੰਡੀਆਂ ਪਾਉਣ,ਦੇਸ ਦਾ ਧਰੁਵੀਕਰਨ ਕਰਨ, ਘੱਟ ਗਿਣਤੀਆਂ ਖਿਲਾਫ ਜਹਿਰ ਉਗਲਣ ਖਿਲਾਫ ਰੋਸ਼ ਮੁਜਾਹਰਾ ਕੀਤਾ ਗਿਆ।ਇਹ ਸਦਭਾਵਨਾ ਦਾ ਸੁਨੇਹਾ ਵਿਖੇਰਦਾ ਰੋਸ਼ ਮੁਜਾਹਰਾ ਬਨਾਸਰ ਬਾਗ ਵਿੱਚ ਭਰਵੀਂ ਰੈਲੀ ਕਰਨ ਉਪਰੰਤ ਕਾਫਲੇ ਦੇ ਰੂਪ ਵਿੱਚ ਬਜਾਰਾਂ ਵਿੱਚ ਹੁੰਦਾ ਹੋਇਆ ਫੇਰੂਮਾਨ



ਚੌਂਕ ਪਹੁੰਚਿਆ ਜਿਥੇ ਨਰਿੰਦਰ ਮੋਦੀ ਅਤੇ ਭਾਜਪਾ ਦੇ ਪੁਤਲੇ ਫੂਕੇ ਗਏ। ਸਥਾਨਕ ਬਨਾਰਸ ਬਾਗ਼ ਵਿਚ ਰੈਲੀ ਨੂੰ ਸੰਬੋਧਨ ਕਰਦਿਆਂ ਜਮਹੂਰੀ ਅਧਿਕਾਰ ਸਭਾ ਦੇ ਸੂਬਾ ਆਗੂ ਸਵਰਨਜੀਤ ਸਿੰਘ ਨੇ ਕਿਹਾ ਸੱਤਾ ਹਥਿਆਉਣ ਲਈ ਲੋਕਤੰਤਰ ਦਾ ਘਾਣ ਕਰਦਿਆਂ ਭਾਜਪਾ ਆਗੂਆਂ ਨੇ ਜਿਸ ਤਰਾਂ ਦੀ ਬਿਆਨਬਾਜੀ ਕੀਤੀ ਹੈ ਉਹ ਅਸਹਿਣਯੋਗ ਤਾਂ ਹੈ ਹੀ,ਉਥੇ ਉਹ ਅਤਿ ਨਿੰਦਣਯੋਗ ਅਤੇ ਸਮਾਜਿਕ ਭਾਈਚਾਰੇ ਨੂੰ ਮਲੀਆਮੇਟ ਕਰਨ ਵਾਲੀ ਵੀ ਹੈ ,ਅਸਲ ਵਿੱਚ ਭਾਜਪਾ ਇਹ ਸਭ ਕੁਝ ਬੇਰੁਜਗਾਰੀ, ਸਮਾਜਿਕ ਅਤੇ ਆਰਥਿਕ ਨਾ ਬਰਾਬਰੀ,ਅਸਮਾਨੀ ਛੋਹਦੀ ਮਹਿੰਗਾਈ,ਗੁਰਬਤ ਨਾਲ ਘੁਲ ਰਹੇ ਗਰੀਬ, ਮਰ ਰਹੀ ਕਿਸਾਨੀ ਤੇ ਸੰਘਰਸ਼ ਕਰਦਿਆਂ ਦੇ ਕਤਲ, ਜਲ ਰਿਹਾ ਮਨੀਪੁਰ,ਆਦਿ ਤੋਂ ਧਿਆਨ ਹਟਾਉਣ ਲਈ ਕਰ ਰਹੀ ਹੈ। । ਉਹਨਾਂ ਕਿਹਾ ਇਹ ਮੋਦੀ ਦਾ ਉਹੀਂ ਮੂੰਹ ਹੈ ਜਿਸ ਵਿਚੋ ਜਦੋਂ ਮਣੀਪੁਰ ਵਿੱਚ ਫਿਰਕੂ ਟੋਲੇ ਸਾਡੀਆਂ ਮਾਵਾਂ ਭੈਣਾ ਨੂੰ ਨਿਰਵਸਤਰ ਘੁਮਾ ਰਹੇ ਸੀ, ਜਬਰਜਿਨਾਹ ਹੋ ਰਹੇ ਸੀ ਵਿਚੋਂ ਇਕ ਵੀ ਹਮਦਰਦੀ ਭਰਿਆ ਸਬਦ ਨਾ ਨਿਕਲਿਆ ਜੋ ਕਿ ਪ੍ਰਧਾਨ ਮੰਤਰੀ ਦੀ ਜੁਮੇਵਾਰੀ ਬਣਦੀ ਸੀ। ਇਹਨਾਂ ਭਰਾ ਮਾਰੂ ਕਾਰਵਾਈਆਂ ਨਾਲ ਸਮਾਜ ਦਾ ਘਾਣ ਕਰਕੇ ਕਾਰਪੋਰੇਟ ਸੈਕਟਰ, ਸਾਮਰਾਜੀ ਤਾਕਤਾਂ ਨੂੰ ਮਜਬੂਤ ਕੀਤਾ ਜਾ ਰਿਹਾ ਹੈ। ਜਿਸ ਨੂੰ ਕਿਸੇ ਵੀ ਹਾਲਤ ਵਿੱਚ ਭਾਰਤੀ ਲੋਕ ਸਹਿਣ ਨਹੀ ਕਰਨਗੇ। ਰੈਲੀ ਨੂੰ ਸੰਬੋਧਨ ਕਰਦਿਆਂ ਕਰਾਂਤੀਕਾਰੀ ਪੇਂਡੂ ਮਜਦੂਰ ਯੂਨੀਅਨ ਪੰਜਾਬ ਦੇ ਲਖਵੀਰ ਲੌਂਗੋਵਾਲ, ਕਿਰਤੀ ਕਿਸਾਨ ਯੂਨੀਅਨ ਦੇ ਦਰਸ਼ਨ ਕੂਨਰ, ਤਰਕਸ਼ੀਲ ਸੁਸਾਇਟੀ ਦੇ ਪਰਮਵੇਦ, ਕਰਾਤੀਕਾਰੀ ਪੇਂਡੂ ਮਜਦੂਰ ਯੂਨੀਅਨ ਦੇ ਧਰਮ ਪਾਲ ਨਮੋਲ, ਡੈਮੋਕਰੇਟਿਕ ਟੀਚਰਜ ਫਰੰਟ(ਦਿਗਵਿਜੇ) ਦੇ ਜਸਵੀਰ ਨਮੋਲ, ਦੇਸ ਭਗਤ ਯਾਦਗਾਰ ਦੇ ਬਲਵੀਰ ਲੌਂਗੋਵਾਲ, ਜੁਝਾਰ ਲੌਂਗੋਵਾਲ,ਟੈਕਨੀਕਲ ਅਤੇ ਮਕੈਨੀਕਲ ਇੰਪਲਾਈਜ ਯੂਨੀਅਨ ਦੇ ਹਰਜੀਤ ਸਿੰਘ ਬਾਲੀਆ, ਡੈਮੋਕਰੇਟਿਕ ਟੀਚਰਜ ਫਰੰਟ (ਡੀ ਐਮ ਐਫ ਸਬੰਧਤ) ਦੇ ਸੁਖਵਿੰਦਰ ਗਿਰ, ਪਾਵਰਕੌਮ ਪੈਨਸ਼ਨਰਜ ਯੂਨੀਅਨ ਦੇ ਜਗਦੇਵ ਸਿੰਘ ਬਾਹੀਆ,ਡੈਮੋਕਰੇਟਿਕ ਟੀਚਰਜ ਫਰੰਟ ਨੌਜਵਾਨ ਭਾਰਤ ਸਭਾ ਦੇ ਸੁਖਦੀਪ ਹਥਨ, ਭਾਰਤੀ ਕਿਸਾਨ ਯੂਨੀਅਨ (ਉਗਰਾਹਾ) ਦੇ ਗਵਿੰਦਰ ਮੰਗਵਾਲ, , ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਕੁਲਦੀਪ ਜੋਸ਼ੀ,ਪੰਜਾਬ ਪੈਨਸਨਰਜ਼ ਐਸੋਸੀਏਸ਼ਨ ਦੇ ਜੀਤ ਸਿੰਘ ਢੀਂਡਸਾ,ਅਦਾਰਾ ਤਰਕਸ ਦੇ ਇੰਨਜਿੰਦਰ ਖੀਵਾ ,ਕੁਲ ਹਿੰਦ ਕਿਸਾਨ ਸਭਾ ਦੇ ਅਮਰੀਕ ਕਾਂਝਲਾ, ਪੀ ਐਸ ਯੂ (ਲਲਕਾਰ) ਦੇ ਅਮਨ,ਇਸਤਰੀ ਜਾਗਰਤੀ ਮੰਚ ਦੀ ਹਰਪੀ੍ਤ ਕੌਰ, ਕਿਸਾਨ ਸਭਾ ਦੇ ਲਛਮਣ ਅਲੀਸੇਰ,ਜਮਹੂਰੀ ਕਿਸਾਨ ਸਭਾ ਦੇ ਸਰਬਜੀਤ ਸਿੰਘ ਜਮਾਤੀ ਇਨਸਾਫ ਦੇ ਅਬਦੁਲ ਸ਼ਕੂਰ, ਆਈ ਡੀ ਪੀ ਦੇ ਫਲਜੀਤ ਸਿੰਘ ਨੇ ਅਹਿਦ ਕੀਤਾ ਕਿ ਮੁਲਕ ਵਿਚ ਫਿਰਕੂ ਕੱਟੜ ਅਤੇ ਜਨੂੰਨੀ ਤਾਕਤਾਂ, ਭਾਵੇਂ ਉਹ ਕਿਸੇ ਵੀ ਧਰਮ ਨਾਲ ਸਬੰਧਤ ਹੋਣ, ਨੂੰ ਸਿਰ ਨਹੀਂ ਚੁੱਕਣ ਦਿੱਤਾ ਜਾਵੇਗਾ। ਉਹਨਾਂ ਦੇਸ ਦੇ ਲੋਕਾਂ ਨੂੰ ਆਪਣਾ ਆਪਸੀ ਭਾਈਚਾਰਕ ਕਾਇਮ ਰੱਖਣ ਅਤੇ ਜਮਾਤੀ ਸਾਂਝ ਨੂੰ ਮਜ਼ਬੂਤ ਕਰਨ ਦੀ ਮੰਗ ਵੀ ਕੀਤੀ। ਜਮਹੂਰੀ ਅਧਿਕਾਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਜਗਜੀਤ ਸਿੰਘ ਭੁਟਾਲ ਨੇ ਰੈਲੀ ਵਿਚ ਆਏ ਸਾਰੇ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਸਭਾ ਦੇ ਜ਼ਿਲ੍ਹਾ ਸਕੱਤਰ ਕੁਲਦੀਪ ਸਿੰਘ ਵਲੋਂ ਕੀਤਾ ਗਿਆ।ਰੈਲੀ ਵਿਚ ਉਪਰੋਕਤ ਤੋਂ ਇਲਾਵਾ ਵੱਖ ਵੱਖ ਜਥੇਬੰਦੀਆਂ ਦੇ ਸਰਵ ਸ਼ਿਰੀ ਲਾਲ ਚੰਦ, ਵਿਸਵਕਾਂਤ, ਅਮਰੀਕ ਖੋਖਰ ,ਹਰਗੋਬਿੰਦ ਸੇਰਪੁਰ , ਗੁਰਚਰਨ ਕਾਝਲੀ, ਗੁਰਬਖਸ਼ੀਸ਼ ਬਰਾੜ ,ਪ੍ਰਿੰਸੀਪਲ ਇਕਬਾਲ ਖੋਖਰ, ਚੰਦ ਸਿੰਘ ਧੂਰੀ ,ਸੁਰਿੰਦਰ ਉਪਲੀ, ਸੀਤਾ ਰਾਮ, ਹਰਦੇਵ ਲੌਂਗੋਵਾਲ , ਚਮਕੌਰ ਸਿੰਘ ਮਹਿਲਾਂ, ਬਲਵਿੰਦਰ ਸੇਖੋਂ (ਰਿਟਾਇਰਡ ਡੀ ਐਸ ਪੀ)ਆਦਿ ਆਗੂ ਹਾਜਰ ਸਨ।ਕੁਲਵਿੰਦਰ ਬੰਟੀ ,ਗੁਰਵਿੰਦਰ ਨੇ ਇਨਕਲਾਬੀ ਗੀਤ ਪੇਸ਼ ਕੀਤੇ ਗਏ।

# ਪੋਸਟਰ, ਪੈਫਲਿਟ, ਬੈਨਰ ਦੀ ਛਪਾਈ ਵਾਲੇ ਪ੍ਰਿੰਟਰਾਂ ਨੂੰ ਸਖਤ ਹਦਾਇਤਾਂ ਜਾਰੀ

## ਪੋਸਟਰ, ਬੈਨਰ, ਪੈਫਲਿਟ ਦੇ ਕੰਟੇਂਟ ਦੀ ਐਮ.ਸੀ.ਐਮ.ਸੀ ਤੋਂ ਪੂਰਵ ਪ੍ਰਵਾਨਗੀ ਦੀ ਨਹੀਂ ਲੋੜ- ਜ਼ਿਲ੍ਹਾ ਚੋਣ ਅਫ਼ਸਰ

## ਆਡੀਓ/ਵੀਡੀਓ ਦੇ ਮਾਮਲੇ ਵਿੱਚ ਪੂਰਵ ਪ੍ਰਵਾਨਗੀ ਲਾਜ਼ਮੀ

ਧਰਮ ਪ੍ਰਵਾਨਾਂ



ਫ਼ਰੀਦਕੋਟ 06 ਮਈ : ਭਾਰਤ ਚੋਣ ਕਮਿਸ਼ਨ ਵੱਲੋਂ ਲੋਕ ਸਭਾ ਚੋਣਾਂ 2024 ਦੇ ਮੱਦੇਨਜ਼ਰ ਪੋਸਟਰ, ਪੈਫਲਿਟ, ਬੈਨਰ ਆਦਿ ਦੀ ਛਪਾਈ ਵਾਲੇ ਪ੍ਰਿੰਟਰਾਂ ਨੂੰ ਜਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ੍ਰੀ ਵਿਨੀਤ ਕੁਮਾਰ ਵੱਲੋਂ ਸਖਤ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਤਾਂ ਜੋ ਚੋਣ ਜਾਬਤੇ ਦੀ ਕਿਸੇ ਪ੍ਰਕਾਰ ਦੀ ਉਲੰਘਣਾ ਨਾ ਹੋਵੇ।

ਉਨਾਂ ਦੱਸਿਆ ਕਿ ਰਾਜਨੀਤਿਕ ਪਾਰਟੀਆਂ ਵੱਲੋਂ ਪ੍ਰਚਾਰ ਸਬੰਧੀ ਪੋਸਟਰ, ਪੈਫਲਿਟ, ਬੈਨਰ, ਵਾਲਪੇਪਰ ਆਦਿ ਛਪਾਉਣ ਵੇਲੇ ਜਿਲਾ ਪੱਧਰੀ ਐਮ.ਸੀ.ਐਮ.ਸੀ (ਮੀਡੀਆ ਸਰਟੀਫਿਕੇਸ਼ਨ ਐਂਡ ਮੋਨੇਟਰਿੰਗ ਕਮੇਟੀ) ਪਾਸੋਂ ਪ੍ਰੀ ਸਰਟੀਫਿਕੇਸ਼ਨ (ਪੂਰਵ ਪ੍ਰਵਾਨਗੀ) ਲੈਣ ਦੀ ਜਰੂਰਤ ਨਹੀਂ ਹੈ, ਪਰ ਉਹਨਾਂ ਤੇ ਆਉਣ ਵਾਲੇ ਖਰਚੇ ਦੀ ਜਾਣਕਾਰੀ ਆਰ.ਓ ਫਰੀਦਕੋਟ ਐਕਸਪੈਂਡੀਚਰ ਸੈਲ ਕਮਰਾ ਨੰ- 165,167 ਬੇਸਮੈਂਟ ( ਦਫ਼ਤਰ ਡੀ.ਸੀ.ਐਫ਼.ਏ) ਵਿਖੇ ਦਿੱਤੀ ਜਾਵੇ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਚੋਣ ਜ਼ਾਬਤੇ ਦੌਰਾਨ ਕਿਸੇ ਵੀ ਤਰ੍ਹਾਂ ਦੀ ਪ੍ਰਚਾਰ ਸਮੱਗਰੀ ਪੈਂਫਲਿਟ ਜਾਂ ਇਸ਼ਤਿਹਾਰ ਛਾਪਣ ਸਮੇਂ ਉਸ ਉਪਰ ਛਾਪਕ ਅਤੇ ਪ੍ਰਕਾਸ਼ਕ ਦਾ ਨਾਮ ਅਤੇ ਪੂਰਾ ਪਤਾ ਛਾਪਣਾ ਲਾਜ਼ਮੀ ਹੋਵੇਗਾ। ਉਨ੍ਹਾਂ ਕਿਹਾ ਕਿ ਉਹ ਪ੍ਰਿੰਟਿਡ ਮਟੀਰੀਅਲ ਦੀਆਂ ਚਾਰ ਕਾਪੀਆਂ ਵੀ ਜਮ੍ਹਾਂ ਕਰਾਉਣਗੇ। ਇਹ ਮੁਕੰਮਲ ਸੂਚਨਾ ਪ੍ਰਿੰਟਿੰਗ ਦੇ ਤਿੰਨ ਦਿਨ ਦੇ ਅੰਦਰ ਅੰਦਰ ਆਉਣੀ ਲਾਜ਼ਮੀ ਹੈ।

ਉਨ੍ਹਾਂ ਇਹ ਵੀ ਹਦਾਇਤ ਕੀਤੀ ਕਿ ਕੋਈ ਵੀ ਪ੍ਰਚਾਰ ਸਮੱਗਰੀ ਛਾਪਣ ਤੋਂ ਪਹਿਲਾਂ ਇਹ ਘੋਸ਼ਣਾ ਪੱਤਰ ਲਿਆ ਜਾਵੇ ਕਿ ਇਹ ਚੋਣ ਸਮੱਗਰੀ ਕਿਸ ਵੱਲੋਂ ਅਤੇ ਕਿੰਨੀ ਗਿਣਤੀ ਵਿੱਚ ਛਪਵਾਈ ਜਾ ਰਹੀ ਹੈ ਅਤੇ ਛਾਪੀ ਗਈ ਪ੍ਰਚਾਰ ਸਮੱਗਰੀ ਦੀ ਖਰਚੇ ਸਮੇਤ ਸੂਚਨਾ ਜ਼ਿਲ੍ਹਾ ਚੋਣ ਅਫ਼ਸਰ-ਕਮ-ਜ਼ਿਲ੍ਹਾ ਮੈਜਿਸਟ੍ਰੇਟ ਨੂੰ ਐਕਸਪੈਂਡੀਚਰ ਸੈਲ ਰਾਹੀਂ ਦੇਣੀ ਲਾਜ਼ਮੀ ਹੋਵੇਗੀ।

ਉਨ੍ਹਾਂ ਕਿਹਾ ਕਿ ਜਿਹੜੀ ਵੀ ਪ੍ਰਿੰਟਿੰਗ ਪ੍ਰੈਸ, ਪ੍ਰਚਾਰ ਸਮੱਗਰੀ ਨੂੰ ਛਾਪੇਗੀ ਉਸ ਵੱਲੋਂ ਬੈਨਰ, ਫ਼ਲੈਕਸ, ਪੋਸਟਰ, ਪੈਂਫਲਿਟ, ਕਿਤਾਬਚੇ ਉਪਰ ਆਪਣੀ ਪ੍ਰੈਸ ਦਾ ਨਾਮ, ਪਤਾ ਗਿਣਤੀ ਛਾਪਣਾ 127 (ਏ) ਆਫ ਆਰ.ਬੀ.ਐਕਟ 1951 ਤਹਿਤ ਲਾਜ਼ਮੀ ਹੋਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਪ੍ਰਿੰਟਿੰਗ ਪ੍ਰੈਸ ਵੱਲੋਂ ਜਾਤ-ਪਾਤ, ਧਰਮ ਆਦਿ ਸਬੰਧੀ ਕੋਈ ਵੀ ਇਤਰਾਜ਼ਯੋਗ ਮਟੀਰੀਅਲ ਨਹੀਂ ਛਾਪਿਆ ਜਾਵੇਗਾ।

ਉਹਨਾਂ ਦੱਸਿਆ ਕਿ ਕਿਸੇ ਵੀ ਕਿਸਮ ਦੀ ਇਸ਼ਤਿਹਾਰਬਾਜ਼ੀ ਵਿੱਚ ਭੱਦੀ ਸ਼ਬਦਾਵਲੀ, ਕਿਸੇ ਵੀ ਧਰਮ ਦੇ ਖਿਲਾਫ ਵਰਤੀ ਜਾਂਦੀ ਸ਼ਬਦਾਵਲੀ ਜਿਸ ਨਾਲ ਅਮਨ ਕਾਨੂੰਨ ਦੀ ਸਥਿਤੀ ਵਿਗੜਦੀ ਹੋਵੇ, ਇਸ਼ਤਿਹਾਰ ਨੂੰ ਨਾ ਛਾਪਿਆ ਜਾਵੇ। ਉਨ੍ਹਾਂ ਦੱਸਿਆ ਕਿ ਸੂਬਾ ਪੱਧਰ ਅਤੇ ਰਾਸ਼ਟਰੀ ਪੱਧਰ ਤੇ ਰਜਿਸਟਰਡ ਰਾਜਨੀਤਿਕ ਪਾਰਟੀਆਂ ਆਪਣੇ ਇਸ਼ਤਿਹਾਰ ਦੀ ਮਨਜ਼ੂਰੀ ਲਈ ਤਿੰਨ ਦਿਨ ਪਹਿਲਾਂ ਐਮ.ਸੀ.ਐਮ.ਸੀ ਸੈੱਲ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਫਰੀਦਕੋਟ ਵਿਖੇ ਅਰਜੀ ਦੇਣਗੀਆਂ ਜਦ ਕਿ ਗੈਰ ਰਜਿਸਟਰਡ ਅਤੇ ਆਜ਼ਾਦ ਉਮੀਦਵਾਰ ਪਾਰਟੀਆਂ ਸੱਤ ਦਿਨ ਪਹਿਲਾਂ ਇਹ ਮਨਜ਼ੂਰੀ ਪ੍ਰਾਪਤ ਕਰਨ ਲਈ ਅਰਜੀ ਦੇਣਗੀਆ।

ਉਨ੍ਹਾਂ ਇਹ ਵੀ ਹਦਾਇਤ ਕੀਤੀ ਕਿ ਸੋਸ਼ਲ ਮੀਡੀਆ, ਇੰਟਰਨੈਂਟ, ਵੈਬਸਾਈਟ ਵੀ ਇਲੈਕਟਰੋਨਿਕ ਮੀਡੀਆ ਦਾ ਹਿੱਸਾ ਹੈ, ਇਸ ਕਾਰਨ ਇਨ੍ਹਾਂ ਉੱਪਰ ਕੋਈ ਵੀ (ਆਡੀਓ/ਵੀਡੀਓ) ਕੰਟੈਂਟ ਪਾਉਣ ਤੋਂ ਪਹਿਲਾਂ ਐਮ.ਸੀ.ਐਮ.ਸੀ ਸੈਲ ਦੀ ਪ੍ਰਵਾਨਗੀ ਲੈਣੀ ਲਾਜ਼ਮੀ ਹੋਵੇਗੀ।

ਇਸ ਤੋਂ ਇਲਾਵਾ ਜੇਕਰ ਕਿਸੇ ਰਾਜਨੀਤਿਕ ਪਾਰਟੀ ਵਲੋਂ ਆਡੀਓ/ਵੀਜੀਓਲ/ਵੀਡੀਓ) ਕੰਟੈਂਟ ਕਿਸੇ ਜਨਤਕ ਥਾਂ ਤੇ ਇਸ਼ਤਿਹਾਰ ਦੇ ਰੂਪ ਵਿੱਚ ਚਲਾਉਣਾ ਹੈ ਤਾਂ ਉਸ ਦੀ ਪੂਰਵ ਪ੍ਰਵਾਨਗੀ ਵੀ ਐਮ.ਸੀ.ਐਮ.ਸੀ ਸੈਲ ਤੋਂ ਲੈਣੀ ਲਾਜ਼ਮੀ ਹੋਵੇਗੀ। ਉਨ੍ਹਾਂ ਕਿਹਾ ਕਿ ਚੋਣਾਂ ਵਾਲੇ ਦਿਨ ਜਾਂ ਉਸ ਤੋਂ ਇਕ ਦਿਨ ਪਹਿਲਾਂ ਪ੍ਰਿੰਟ ਮੀਡੀਆ ਵਿਚ ਛੱਪਣ ਵਾਲੇ ਇਸ਼ਤਿਹਾਰਾਂ ਦੀ ਪ੍ਰੀ ਸਰਟੀਫਿਕੇਸ਼ਨ (ਪੂਰਵ ਮਨਜ਼ੂਰੀ )ਲਈ ਉਮੀਦਵਾਰ ਜਾਂ ਪਾਰਟੀ ਨੂੰ ਘੱਟੋ ਘੱਟ ਦੋ ਦਿਨ ਪਹਿਲਾਂ ਐਮ.ਸੀ.ਐਮ.ਸੀ. (ਏ ਆਰ.ਓ)ਕੋਲ ਅਰਜੀ ਦੇਣਾ ਲਾਜਮੀ ਹੋਵੇਗਾ।

ਵੀਡੀਓ ਦੇ ਮਾਮਲੇ ਵਿੱਚ ਵੀਡੀਓ ਤੋਂ ਇਲਾਵਾ ਲਿਖਤੀ ਤਸਦੀਕ ਸੁਦਾ ਸਕ੍ਰਿਪਟ ਵੀ ਦੇਣੀ ਲਾਜ਼ਮੀ ਹੋਵੇਗੀ। ਇਸ ਦੇ ਨਾਲ ਹੀ ਵੀਡੀਓ ਬਣਾਉਣ ਤੇ ਕੀਤੇ ਗਏ ਖਰਚੇ ਦਾ ਵੇਰਵਾ ਵੀ ਦੱਸਣਾ ਹੋਵੇਗਾ। ਉਹਨਾਂ ਇਹ ਵੀ ਦੱਸਿਆ ਕਿ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਵੱਲੋਂ ਜਿਸ ਦਿਨ ਇਸ਼ਤਿਹਾਰ ਛਾਪਿਆ ਜਾਵੇਗਾ, ਉਸ ਦਾ ਵੇਰਵਾ ਵੀ ਦੇਣਾ ਲਾਜ਼ਮੀ ਹੋਵੇਗਾ। ਇਸ ਦੇ ਨਾਲ ਹੀ ਉਹਨਾਂ ਟੀਮ ਮੈਂਬਰਾਂ ਨੂੰ ਝੂਠੀਆਂ ਖਬਰਾਂ, ਪੇਡ ਨਿਊਜ਼ ਤੇ ਵੀ ਲਗਾਤਾਰ ਨਜ਼ਰਸਾਨੀ ਸਬੰਧੀ ਵੀ ਜਾਣਕਾਰੀ ਦਿੱਤੀ।

ਉਨ੍ਹਾਂ ਕਿਹਾ ਕਿ ਕੋਈ ਵੀ ਰਾਜਨੀਤਿਕ ਕੰਟੈਂਟ, ਸੰਦੇਸ਼/ਕਮੈਂਟ/ਫੋਟੋ/ਪੋਸਟ ਕੀਤਾ ਬਲੋਗ/ਸੈਲਫ ਅਕਾਊਂਟ ਤੇ ਅਪਲੋਡ ਕੀਤਾ ਗਿਆ, ਇਸ ਨੂੰ ਰਾਜਨੀਤਿਕ ਇਸ਼ਤਿਹਾਰ ਵਜੋਂ ਨਹੀਂ ਦੇਖਿਆ ਜਾਵੇਗਾ ਅਤੇ ਇਸ ਦੀ ਪ੍ਰੀ ਸਰਟੀਫਿਕੇਸ਼ਨ ਦੀ ਲੋੜ ਨਹੀਂ ਹੋਵੇਗੀ।